# ਸਾਂਝੀ ਵਿਰਾਸਤ

ਜਿਲਦ 3 ਅੰਕ 36

2024

1- ਪੋਹ (14-ਦਸੰਬਰ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

## ਵਿਸ਼ਾ ਸੂਚੀ (1-ਪੋਹ / 14-ਦਸੰਬਰ 2024)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਸੰਖੇਪ ਵਿਆਖਿਆ ਪੋਹ ਮਹੀਨੇ ਦੇ ਪਾਠ ਦੀ | ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | 4 |
| 3. | ਪੋਹ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਸੂਬੇ ਦੀ ਕਚਿਹਰੀ (ਕਵਿਤਾ) | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 8 |
| 5. | ਸ਼ਬਦ ਗੁਰੂ ਦੀ ਲੋੜ ਕਿਉਂ ? | ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ | 10 |
| 6. | ਸਾਇੰਸ ਤੇ ਬਾਣੀ ’ਚ ਧਰਤੀ ਦੀ ਸਮਾਨਤਾ-2 | ਡਾ. ਸਰਦਾਰ ਕਾਬਲ ਸਿੰਘ | 13 |
| 7. | World Soil Day | | 15 |
| 8. | Sikhs must shape – not be shaped by AI | Dr. Sardar D. P. Singh | 16 |
| 9. | ਖੇਤੀ ਮਾਹਰ - ਡਾ. ਗੁਰਦੇਵ ਸਿੰਘ ਖੁਸ਼ | ਡਾ. ਸਰਦਾਰ ਕਾਬਲ ਸਿੰਘ | 19 |
| 10. | ਮਹਾਨ ਸ਼ਖਸੀਅਤ - ਮਾਤਾ ਗੁਜਰੀ ਜੀ | ਸਰਦਾਰਨੀ ਅਮ੍ਰਿਤ ਪਾਲ ਕੌਰ | 20 |
| 11. | ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਨੂੰ ਸਮਰਪਤ | ਕਵੀ ਦਰਬਾਰ (ਈ-ਦੀਵਾਨ) | 23 |
| 12. | ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ | ਪ੍ਰਸ਼ਨ - ਉਤੱਰ | 26 |
| 13. | ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੜ੍ਹਾਈ ਲਾਹੌਰ ਵਿਚ | ਸਰਦਾਰ ਜਸਵਿੰਦਰ ਸਿੰਘ ਰੁਪਾਲ | 27 |
| 14. | ਸਾਖੀ ਬਾਬਾ ਬੁੱਢਾ ਜੀ, ਗੁਰਬਾਣੀ ਅਨੁਸਾਰ - 2 | ਸਰਦਾਰ ਨਿਰਮਲ ਸਿੰਘ | 28 |
| 15. | ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰਪੁਰਬ | ਸਾਂਝੀ ਵਿਰਾਸਤ | 30 |
| 16. | ਗੁਰਪੁਰਬ ਕਿਵੇਂ ਮਨਾਈਏ | ਸਰਦਾਰ ਕਰਮਜੀਤ ਸਿੰਘ ਨੂਰ | 34 |
| 17. | ਠੰਡਾ ਬੁਰਜ ਤੇ ਪੋਹ ਦੀ ਰਾਤ ਠੰਡੀ | ਸਰਦਾਰਨੀ ਅਮਰਜੀਤ ਕੌਰ ਮੋਰਿੰਡਾ | 36 |
| 18. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 37 |
| 19 | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 39 |
| 20. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 40 |

# ਸੰਪਾਦਕੀ ਨੋਟ
## (1-ਪੋਹ / 14-ਦਸੰਬਰ 2024 ਅੰਕ)

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਦਸੰਬਰ ਦੀ 14 ਤਾਰੀਖ ਤੋਂ ਪੋਹ ਦਾ ਮਹੀਨਾ ਸ਼ੁਰੂ ਹੁੰਦਾ ਹੈ। ਇਸ ਮਹੀਨੇ 8 ਪੋਹ (21 ਦਸੰਬਰ) ਨੂੰ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਚਮਕੌਰ ਦੀ ਜੰਗ ਵਿਚ ਧਰਮ ਲਈ ਸ਼ਹੀਦ ਹੋਏ ਸਨ। 13 ਪੋਹ (26 ਦਸੰਬਰ) ਵਾਲੇ ਦਿਨ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਨੇ ਸਰਹੰਦ ਵਿਚ ਅਦੁਤੀ ਬਹਾਦਰੀ ਨਾਲ ਸ਼ਹੀਦੀ ਪ੍ਰਾਪਤ ਕੀਤੀ। ਇਤਿਹਾਸ ਵਿਚ ਅਜਿਹੀ ਬਹਾਦਰੀ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਇਸ ਮਹੀਨੇ ਦੇ ਮਹੱਤਵਪੂਰਨ ਦਿਨਾਂ ਵਿਚੋਂ ਇੱਕ 25 ਦਸੰਬਰ ਹੈ ਜਿਸ ਦਿਨ ਈਸਾਈ ਲੋਕ ਕ੍ਰਿਸਮਸ ਦਾ ਦਿਨ ਮਨਾਉਂਦੇ ਹਨ ਜਿਸ ਦਿਨ ਈਸਾ ਮਸੀਹ ਦਾ ਜਨਮ ਹੋਇਆ ਸੀ।

ਦਸੰਬਰ ਦੇ ਇਸ ਅੰਕ ਨਾਲ "ਸਾਂਝੀ ਵਿਰਾਸਤ" ਮੈਗਜ਼ੀਨ ਨੂੰ ਛਪਦਿਆਂ ਤਿੰਨ ਸਾਲ ਪੂਰੇ ਹੋ ਗਏ ਹਨ। ਇਹ ਪਾਠਕਾਂ, ਲੇਖਕਾਂ, ਸਲਾਹਕਾਰਾਂ ਅਤੇ ਸੰਪਾਦਕੀ ਬੋਰਡ ਮੈਂਬਰਾਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਿਆ ਹੈ। ਇਸ ਲਈ ਸਭ ਦਾ ਬਹੁਤ ਧੰਨਵਾਦ ਹੈ। ਤਕਨੀਕੀ ਸੰਪਾਦਕ ਡਾ. ਰਾਜਬੀਰ ਸਿੰਘ ਭੱਟੀ ਅਤੇ ਕਾਕਾ ਰਣਸ਼ੇਰ ਰਾਜ ਸਿੰਘ ਦੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਹੈ। ਹਮੇਸ਼ਾਂ ਦੀ ਤਰ੍ਹਾਂ ਕੁਝ ਸਿਰਕੱਢ ਸ਼ਖਸੀਅਤਾਂ ਦੀਆਂ ਰਚਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਇਸ ਮੈਗਜ਼ੀਨ ਦਾ ਮੰਤਵ ਨਿਜੀ ਅਤੇ ਸਮਾਜਿਕ ਜੀਵਨ ਵਿਚ ਗੁਰਬਾਣੀ ਤੋਂ ਸੇਧਾਂ ਪ੍ਰਾਪਤ ਕਰ ਕੇ ਵਿਦਵਾਨਾਂ ਦੇ ਲੇਖ ਸ਼ਾਮਲ ਕਰਨਾ ਹੈ। ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ ਲੇਖਕ ਮੌਲਿਕ ਰਚਨਾਵਾਂ 15 ਤਾਰੀਖ ਤਕ ਭੇਜ ਦਿਆ ਕਰਣ। ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਕਿਸੇ ਵਿਵਾਦਤ ਰਾਜਨੀਤਿਕ ਵਿਅਕਤੀ ਬਾਰੇ ਲੇਖ ਨਹੀਂ ਛਾਪੇ ਜਾਣਗੇ। ਇਕਸਾਰਤਾ ਲਈ ਜ਼ਰੂਰੀ ਜਾਣਕਾਰੀ ਹਰ ਅੰਕ ਦੇ ਅੰਤ ਵਿਚ ਦਿੱਤੀ ਗਈ ਹੈ ਅਤੇ ਇਸ ਦੇ ਵੈਬਸਾਈਟ (**sanjhivirasat.org**) ਤੇ ਵੀ ਹੈ। ਜੇ ਹੋ ਸਕੇ ਤਾਂ ਪੰਜਾਬੀ ਰਚਨਾਵਾਂ "ਅਨਮੋਲ ਲਿਪੀ" ਵਿਚ ਹੀ ਭੇਜੀਆਂ ਜਾਣ। ਅੰਗਰੇਜ਼ੀ ਵਿਚ ਲਿਖੀਆਂ ਰਚਨਾਵਾਂ ਵੀ ਛਾਪੀਆਂ ਜਾਂਦੀਆਂ ਹਨ। ਰਚਨਾਵਾਂ ਵੱਧ ਤੋਂ ਵੱਧ ਦੋ ਪਨਿੰਆਂ (ਕੁਲ 800 ਸ਼ਬਦਾਂ) ਤਕ ਹੀ ਹੋਣ। ਲੰਬੇ ਲੇਖ ਇਸ ਵੈਬਸਾਈਟ ਦੇ 'ਬਲਾਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।

ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ। ਉਨ੍ਹਾਂ ਦੀ ਸੋਚ ਉਤੇ ਵਿਚਾਰ ਜ਼ਰੂਰ ਕੀਤਾ ਜਾਵੇਗਾ। ਧੰਨਵਾਦ।

ਪ੍ਰੋਫੈਸਰ ਡਾ. ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ
**(sanjhivirasat13@gmail.com)**

## ਪੋਹ ਮਹੀਨੇ ਦਾ ਪਾਠ ਅਤੇ ਵਿਆਖਿਆ

ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

ੴ ਸਤਿਗੁਰ ਪ੍ਰਸਾਦਿ॥

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥
ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥
ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥14॥

### ਵਿਆਖਿਆ

ਮੱਘਰ ਤੇ ਪੋਹ ਦੇ ਮਹੀਨੇ ਠੰਡੀ ਰੁਤਿ ਵਿਚ ਆਉਂਦੇ ਹਨ । ਪੋਹ ਦੇ ਮਹੀਨੇ ਵਿਚ ਅਤਿ ਦੀ ਸਰਦੀ ਤੇ ਬਰਫ਼ ਪੈਂਦੀ ਹੈ ਜਿਸ ਨਾਲ ਬਨਸਪਤੀ ਦੇ ਬ੍ਰਿਛ ਬੂਟੇ ਮੁਰਝਾ ਜਾਂਦੇ ਹਨ ।ਇਸੇ ਤਰ੍ਹਾਂ ਜਦੋਂ ਵਾਹਿਗੁਰੂ ਦਾ ਸਿਮਰਨ ਭੁਲ ਜਾਵੈ ਤਾਂ ਮਨੁੱਖ ਦਾ ਜੀਵਨ ਵੀ ਬੇਰਸ ਹੋ ਜਾਂਦਾ ਹੈ। ਉਸ ਵਿਚ ਵੀ ਕਠੋਰਤਾ ਦੀ ਠੰਡ ਵਿਆਪ ਜਾਂਦੀ ਹੈ । ਉਸਦੇ ਮਨ ਤੇ ਤਨ ਵਿਚ ਪ੍ਰਮੇਸ਼ਰ ਦੀ ਯਾਦ ਦਾ ਨਿੱਘ ਨਹੀ ਰਹਿੰਦਾ ਤੇ ਰੁੱਖੇਪਨ ਦਾ ਪਾਲਾ ਆ ਜਾਂਦਾ ਹੈ। ਪਰ ਜਦੋਂ ਵੀ ਮਨੁੱਖ ਗੁਰਬਾਣੀ ਦਾ ਰਸ ਮਾਣਦਾ ਹੈ ਤਾਂ ਉਹ ਵਿਚ ਨਿੱਘਾਪਨ ਆ ਜਾਂਦਾ ਹੈ। ਫਿਰ ਉਸ ਅੰਡਿਆਂ ਤੋਂ, ਮਾਂ ਦੇ ਗਰਭ ਤੋਂ, ਸੀਲਨ ਅਤੇ ਧਰਤੀ ਵਿਚੋਂ ਉੱਗਣ ਵਾਲੇ ਜੀਵਾਂ ਵਿਚ ਰੱਬ ਦੀ ਜੋਤਿ ਦੇਖਦਾ ਹੈ।



ਪ੍ਰੋਫ਼ੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

ਬਾਰਹ ਮਾਹਾ ਮਾਂਝ ਮਹਲਾ 5 ਘਰ 4 ਵਿੱਚੋਂ

ਪੋਹ ਮਹੀਨੇ ਦਾ ਪਾਠ

ੴ ਸਤਿਗੁਰ ਪ੍ਰਸਾਦਿ

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥

ਭਾਵ ਅਰਥ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ

ਜਲੰਧਰ (ਭਾਰਤ), 9815023970

ਪੋਹ ਦੇ ਮਹੀਨੇ ਨੂੰ ਆਧਾਰ ਬਣਾ ਕੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਪੋਹ ਦੇ ਇਸ ਠੰਢੇ ਠਾਰ ਅਤੇ ਕੱਕਰ-ਪਾਲੇ ਦੇ ਮਹੀਨੇ ਵਿਚ ਜਿਸ ਤਰ੍ਹਾਂ ਇੱਕ ਦੁਨਿਆਵੀ ਇਸਤ੍ਰੀ ਆਪਣੇ ਪਤੀ ਦੇ ਸੀਨੇ ਨਾਲ ਲਗ ਕੇ ਨਿੱਘ ਮਹਿਸੂਸ ਕਰਦੀ ਹੈ, ਇਸੇ ਤਰਾਂ ਇੱਕ ਜੀਵ-ਇਸਤ੍ਰੀ ਪਰਮਾਤਮਾ ਦੇ ਨਾਮ ਨਾਲ ਜੁੜੀ ਰਹਿੰਦੀ ਹੈ। ਉਸ ਨੂੰ ਇਸ ਪੋਹ ਦੇ ਮਹੀਨੇ ਦੀ ਠੰਡ ਮਹਿਸੂਸ ਨਹੀਂ ਹੁੰਦੀ। ਪਰਮਾਤਮਾ ਉਸ ਨੂੰ ਆਪਣੇ ਨਾਲੋਂ ਕਦੇ ਵਿੱਛੋੜਦਾ ਨਹੀਂ ਅਤੇ ਸਾਰੇ ਸੁੱਖ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਉਸ ਨੂੰ ਪੋਹ ਦੀ ਠੰਡੀ ਰੁੱਤ ਵੀ ਸੁਹਾਵਣੀ ਲੱਗਦੀ ਹੈ।

## ਬਾਰਹ ਮਾਹਾ ਮਾਂਝ ਮਹਲਾ 5 ਵਿੱਚੋਂ
## ਪੋਹ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ



ਕਿਸੇ ਜੀਵ ਇਸਤ੍ਰੀ ਨੂੰ, ਠੰਡ ਪੋਹ ਦੀ, ਪੋਹ ਨਹੀਂ ਸਕਦੀ, ਪਤੀ ਪਰਮਾਤਮਾ ਨੇ ਜਿਸ ਨੂੰ ਗਲ ਦੇ ਨਾਲ ਲਾਇਆ ਹੈ ।

ਜੀਹਦਾ ਹਿਰਦਾ ਹਮੇਸ਼ਾ ਉਸ ਦੇ ਚਰਨਾਂ ਨਾਲ ਜੁੜਿਆ ਹੈ, ਜਿਹਨੇ ਹਰ ਸਾਹ ਉਸਦੀ ਯਾਦ ਦੇ ਅੰਦਰ ਬਿਤਾਇਆ ਹੈ।

ਹੈ ਤੱਕਿਆ ਆਸਰਾ ਗੋਬਿੰਦ ਤੇ ਗੁਪਾਲ ਦਾ ਜਿਸ ਨੇ, ਪ੍ਰਭੂ ਮਾਲਕ ਦੀ ਸੇਵਾ ਕਰਕੇ ਉਸ ਨੇ ਲਾਭ ਹੈ ਪਾਇਆ ।

ਓਸ ਜੀਵ-ਇਸਤ੍ਰੀ ਨੂੰ ਕਦੇ ਮਾਇਆ ਪੋਹ ਨਹੀਂ ਸਕਦੀ, ਗੁਰੂ ਦੇ ਨਾਲ ਮਿਲ ਕੇ ਜਿਸ, ਪ੍ਰਭੂ ਦੇ ਗੁਣਾਂ ਨੂੰ ਗਾਇਆ।

ਹੈ ਜਿਸ ਤੋਂ ਹੋਈ ਪੈਦਾ ਨਾਲ ਉਸ ਦੇ ਜੁੜੀ ਹੈ ਰਹਿੰਦੀ, ਤੇ ਸੱਚੇ ਪ੍ਰੇਮ ਵਿਚ ਉਸ ਦੇ ਸਦਾ ਰਹਿੰਦੀ ਸਮਾਈ ਹੈ।

ਓਸ ਦਾ ਹੱਥ ਫੜ੍ਹ ਕੇ ਪ੍ਰਭੂ ਆਪਣੇ ਨਾਲ ਲਾ ਲੈਂਦੈ, ਉਹਦੇ  ਚਰਨਾਂ ਤੋਂ ਫਿਰ ਉਹ ਕਦੇ ਵੀ ਵਿਛੜ ਨਾ ਪਾਈ ਹੈ।

ਜੋ ਗਹਿਰਾ ਹੈ ਬੜਾ ਤੇ ਪਹੁੰਚ ਸਾਡੀ ਤੋਂ ਪਰੇ ਵੀ ਹੈ, 'ਜਿਹੇ ਸੱਜਣ  ਤੋਂ ਲੱਖ  ਵਾਰੀ ਅਸੀਂ ਕੁਰਬਾਨ ਜਾਂਦੇ ਹਾਂ।

ਪ੍ਰਭੂ ਨੂੰ ਲਾਜ ਦਰ ਤੇ ਪਏ ਦੀ ਰੱਖਣੀ ਹੀ ਪੈਂਦੀ ਹੈ।ਹੇ ਨਾਨਕ; ਜਦੋਂ ਉਸ ਦੇ ਦਰ ਤੇ ਆਪਣਾ ਸਿਰ ਝੁਕਾਂਦੇ ਹਾਂ।

ਮਹੀਨਾ ਪੋਹ ਦਾ ਉਸ ਨੂੰ ਸੁਹਾਨਾ ਸਦਾ ਲੱਗਦਾ ਹੈ। ਉਹ ਬੇਪਰਵਾਹ, ਬਾਰਿਸ਼ ਜੇਸ ਤੇ ਸੁਖਾਂ ਦੀ ਕਰ ਦੇਂਦਾ ਤੇ ਬਖਸ਼ਿਸ਼ ਨਾਲ ਭਰ ਦੇਂਦਾ।

## ਪੋਹ ਮਹੀਨੇ ਦਾ ਪਾਠ ਅਤੇ ਉਸਦੀ ਕਾਵਿਕ ਵਿਆਖਿਆ

### ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ

ੴ ਸਤਿਗੁਰ ਪ੍ਰਸਾਦਿ

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥
ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ
ਜੋਤਿ ਸਮਾਣੀ ॥
ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥੧੪॥

(ਪੋਖਿ = ਪੋਹ ਦੇ ਮਹੀਨੇ ਵਿਚ, ਤੁਖਾਰੁ = ਕੱਕਰ, ਕੋਰਾ, ਰਸੁ = ਨਮੀ, ਸੋਖੈ = ਸੁਕਾ ਦੇਣਾ, ਵਸਹਿ = ਤੂੰ ਵੱਸਦਾ, ਮੁਖੇ = ਮੁਖ ਵਿਚ, ਜਗ ਜੀਵਨੁ = ਜਗਤ ਦਾ ਜੀਵਨ, ਮਾਣੀ = ਮਾਣਦਾ ਹੈ, ਅੰਡਜ = ਅੰਡੇ ਤੋਂ ਪੈਦਾ ਹੋਣ ਵਾਲੇ ਜੀਵ, ਜੇਰਜ = ਜਿਓਰ ਤੋਂ ਪੈਦਾ ਹੋਣ ਵਾਲੇ, ਸੇਤਜ = ਮੁੜ੍ਹਕੇ ਤੋਂ ਪੈਦਾ ਹੋਣ ਵਾਲੇ, ਉਤਭੁਜ = ਧਰਤੀ ਵਿਚੋਂ ਉੱਗਣ ਵਾਲੇ, ਘਟਿ ਘਟਿ = ਹਰੇਕ ਘਟ ਵਿਚ, ਗਤਿ = ਉੱਚੀ ਆਤਮਕ ਅਵਸਥਾ, ਪਾਵਉ = ਮੈਂ ਪਾ ਲਵਾਂ, ਮਤਿ = ਅਕਲ, ਰੰਗਿ = ਪਿਆਰ ਵਿਚ, ਰਸਿ = ਰਸਨਾਲ, ਆਨੰਦ ਨਾਲ, ਰਸੀਆ = ਪ੍ਰੇਮੀ, ਸਨੇਹੋ = ਪਿਆਰ)

<u>ਕਾਵਿਕ ਵਿਆਖਿਆ</u>

ਇੰਜੀਨੀਅਰ ਕਰਮਜੀਤ ਸਿੰਘ ਨੂਰ, ਜਲੰਧਰ

ਪੋਹ ਵਾਲੀ ਠੰਡ ਵਿੱਚ, ਘਾਹ ਬੂਟੇ ਸੁੱਕ ਜਾਂਦੇ,
ਜੀਵਾਂ ਚੋਂ ਪ੍ਰੇਮ ਰਸ ਜਾਂਦਾ ਏਦਾਂ ਨੱਸਦਾ ।

ਮੇਰੇ ਲਈ ਮੇਰੇ ਪ੍ਰਭੂ ਆਣ ਕੇ ਤੂੰ ਕਿਉਂ ਨਹੀਂ
ਤਨ ਵਿੱਚ ਮਨ ਵਿੱਚ, ਮੁੱਖ ਵਿੱਚ, ਵੱਸਦਾ।

ਜ਼ਿੰਦਗੀ ਦਾ ਦਾਤਾ ਜਿਹਦੇ ਅੰਦਰ ਹੈ ਵਸਦਾ ਉਹੀ
ਗੁਰ ਸ਼ਬਦ ਰਾਹੀਂ ਪਿਆਰ ਉਹਦਾ ਮਾਣਦਾ।

ਚੌਹਾਂ ਖਾਣੀਆਂ ਦੇ ਸਾਰੇ ਜੀਵਾਂ ਦੇ ਸਰੀਰਾਂ ਵਿੱਚ,
ਇੱਕੋ ਇੱਕ ਜੋਤ ਪਰਮਾਤਮਾ ਦੀ ਜਾਣਦ।

ਕਰੋ ਮੱਤ ਉੱਚੀ, ਉੱਚੀ ਪਾ ਲਵਾਂ ਅਵਸਥਾ ਮੈਂ, ਦੇ
ਦਿਓ ਦਿਆਲ ਦਾਤਾ ਆਪਣਾ ਦੀਦਾਰ ਜੀ।

ਨਾਨਕ ! ਪ੍ਰੇਮੀ ਗਾਉਂਦਾ ਪ੍ਰਭੂ ਨੂੰ ਪ੍ਰੇਮ ਨਾਲ
ਗਾਉਂਦਾ ਹੈ ਪ੍ਰੇਮੀ ਉਹੀ ਪ੍ਰਭੂ ਨੂੰ ਪ੍ਰੇਮ ਵਿੱਚ
ਜਿਸ ਨੂੰ ਪਿਆਰੇ ਨਾਲ ਹੁੰਦਾ ਹੈ ਪਿਆਰ ਜੀ।

# ਸੂਬੇ ਦੀ ਕਚਹਿਰੀ (ਕਵਿਤਾ)

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)



ਸੂਬੇ ਦੀ ਕਚਹਿਰੀ ਅੱਜ ਲੱਗਾ ਹੋਇਆ ਮੇਲਾ
ਏ।ਬੇਈਮਾਨ ਕਾਜ਼ੀ ਨਾਲ ਸੁੱਚਾ ਨੰਦ ਚੇਲਾ ਏ।

ਸੋਚਦੇ ਨੇ ਬੱਚਿਆਂ ਨੂੰ ਅੱਜ ਤਾਂ ਝੁਕਾਵਾਂਗੇ,
ਆਉਂਦਿਆਂ ਹੀ ਛੋਟੀ ਜਿਹੀ ਬਾਰੀ 'ਚੋਂ
ਲੰਘਾਵਾਂਗੇ।

ਲੰਘਦਿਆਂ ਟੁੱਟ ਜਾਣਾ ਸਾਰਾ ਹੀ ਗਰੂਰ ਆ।
ਅੱਜ ਉਹਨਾਂ ਈਨ ਸਾਡੀ ਮੰਨਣੀ ਜਰੂਰ ਆ।

ਉਤੋਂ ਉਤੋਂ ਖੁਸ਼ ਹੋ ਕੇ ਗੱਲਾਂ ਕਰੀ ਜਾਂਦੇ ਨੇ,
ਵਿੱਚੋਂ ਵਿਚੀਂ ਮਨਾਂ ਵਿੱਚ ਸਾਰੇ ਡਰੀ ਜਾਂਦੇ ਨੇ।

ਦੂਜੇ ਪਾਸੇ ਪੋਤਿਆਂ ਨੂੰ ਦਾਦੀ ਹੈ ਸਜਾ ਰਹੀ,
ਸਿੱਖੀ ਵਾਲਾ ਪਾਠ ਅੱਜ ਘੋਟ ਕੇ ਪਿਲਾ ਰਹੀ।

ਦਾਦਾ ਜੀ ਨੇ ਜਾ ਕੇ ਸੀਸ ਦਿੱਲੀ ਕਟਵਾਇਆ
ਏ, ਪੜ੍ਹਦਾਦੇ ਬੂਟਾ ਇਹ ਸ਼ਹਾਦਤਾਂ ਦਾ ਲਾਇਆ
ਏ।

ਵੱਡਿਆਂ ਦੀ ਪੱਗ ਤਾਈਂ ਦਾਗ਼ ਤੁਸੀਂ ਲਾਉਣਾ
ਨਹੀਂ, ਪਾਪੀਆਂ ਦੇ ਅੱਗੇ ਕਦੇ ਸੀਸ ਨੂੰ ਝੁਕਾਉਣਾ
ਨਹੀਂ!'

ਬਾਰੀ ਵੇਖ- ਵੱਡਾ ਸਮਝਾਏ ਛੋਟੇ ਵੀਰ ਨੂੰ,
'ਜੁੱਤੀ ਹੈ ਵਿਖਾਉਣੀ ਸਰਹੰਦ ਦੇ ਵਜ਼ੀਰ ਨੂੰ!'

ਝੁਕੇ ਨਹੀਂ, ਪਹਿਲਾਂ ਸੱਜਾ ਪੈਰ ਅੱਗੇ ਕੱਢਿਆ,
ਦੁਸ਼ਟਾਂ ਦੀ ਚਾਲ ਵਾਲਾ ਫਸਤਾ ਹੀ ਵੱਢਿਆ।

'ਬੋਲੇ ਸੋ ਨਿਹਾਲ' ਦੇ ਜੈਕਾਰੇ ਨਾਲ ਛੱਡ ਦਿੱਤੇ,
ਪਾਪੀਆਂ ਦੇ ਦਿਲਾਂ ਵਾਲੇ ਵਹਿਮ ਸਾਰੇ ਕੱਢ
ਦਿੱਤੇ।

ਕਾਜ਼ੀ ਤੇ ਨਵਾਬ ਤਾਂ ਹੈਰਾਨ ਹੋਈ ਜਾਂਦੇ ਆ,
ਮੁੜ ਮੁੜ ਬੱਚਿਆਂ ਨੂੰ ਫੇਰ ਸਮਝਾਂਦੇ ਆ।

ਸੁੱਚੇ ਨੰਦ ਆਖਿਆ- 'ਸਲਾਮ ਕਰੋ ਸੂਬੇ ਨੂੰ'
ਦੇਣਾ ਅੰਜਾਮ ਚਾਹੇ ਆਪਣੇ ਮਨਸੂਬੇ ਨੂੰ।

'ਕਰਤੇ ਪੁਰਖ ਅੱਗੇ ਸੀਸ ਨਿਵਾਇਆ ਏ,
ਜ਼ਾਲਿਮਾਂ ਦੇ ਅੱਗੇ ਇਹਨੂੰ ਕਦੇ ਨਾ ਝੁਕਾਇਆ
ਏ!'

ਸੂਝ ਬੂਝ ਤੱਕ ਕੇ, ਵਜ਼ੀਦਾ ਹੋਇਆ ਦੰਗ ਏ,
'ਡਰ ਖੌਫ਼ ਮੰਨਦੇ ਨਾ, ਮੌਤ ਤੋਂ ਨਿਸ਼ੰਗ ਇਹ।

ਹਾਰ ਹੰਭ, ਬੱਚਿਆਂ ਤੇ ਪਿਆਰ ਜਤਲਾਇਆ ਏ, ਦੌਲਤਾਂ ਤੇ ਸ਼ੋਹਰਤਾਂ ਦਾ ਚੋਗਾ ਫਿਰ ਪਾਇਆ ਏ।

ਨਵੇਂ ਨਵੇਂ ਜਾਲ਼ ਕਈ ਲਾਲਾਂ ਲਈ ਵਿਛਾਉਣਗੇ,
ਗੁਜਰੀ ਦੇ ਲਾਲ ਭਲਾ ਲਾਲਚਾਂ 'ਚ ਆਉਣਗੇ?

'ਨਾਗ ਦੇ ਨੇ ਬੱਚੇ, ਭਰੇ ਹੋਏ ਨੇ ਹੰਕਾਰ ਦੇ,
ਤਾਹੀਉਂ ਹਰ ਗੱਲ 'ਚ ਫੁੰਕਾਰੇ ਇਹੋ ਮਾਰਦੇ!'

ਪੁੱਛੋ ਭਲਾ- 'ਛੱਡ ਦੇਈਏ, ਕਰੋ ਕੀ ਕਰਾਓਗੇ?
ਫੇਰ ਤੁਸੀਂ ਹੁਣ ਕਿਹੜੇ ਬਾਪ ਕੋਲ ਜਾਓਗੇ?'

'ਬਾਪ ਤਾਂ ਤੁਹਾਡਾ ਗਿਆ ਜੰਗ ਵਿੱਚ ਮਾਰਿਆ,
ਵੱਡੇ ਸਾਮਰਾਜ ਤਾਈਂ, ਉਹਨੇ ਸੀ ਵੰਗਾਰਿਆ!'

ਬੱਚਿਆਂ ਜਵਾਬ ਦਿੱਤਾ-'ਜੰਗਲਾਂ 'ਚ ਜਾਵਾਂਗੇ,
ਸਿੰਘਾਂ ਨੂੰ ਇਕੱਠੇ ਕਰ ਜ਼ੁਲਮ ਮਿਟਾਵਾਂਗੇ!'

ਸੁੱਚਾ ਨੰਦ ਮੁੜ ਭੜਕਾਇਆ ਹੈ ਨਵਾਬ ਨੂੰ,
'ਸੁਣ ਲਓ ਜੀ!' ਉਸ ਨੇ ਸੁਣਾਇਆ ਹੈ ਨਵਾਬ ਨੂੰ।

ਨਵਾਬ ਕਿਹਾ-'ਕਾਜ਼ੀ ਸਾਹਿਬ ਆਪ ਹੀ ਬਤਾਈਏ!
ਸ਼ਰ੍ਹਾ ਅਨੁਸਾਰ ਸਜ਼ਾ ਕੌਨ ਸੀ ਸੁਨਾਈਏ?

ਬੱਚਿਆਂ ਦੀ ਸਜ਼ਾ ਦਾ ਕਨੂੰਨ ਨਾ ਥਿਆਇਆ ਏ, ਕਾਜ਼ੀ ਸਿਰ ਨਾਂਹ ਵਿੱਚ ਆਪਣਾ ਹਿਲਾਇਆ ਏ।

ਮਾਲੇਰਕੋਟਲਾ ਨਵਾਬ ਨੂੰ ਬੁਲਾਇਆ ਏ,
ਬਦਲਾ ਭਰਾ ਦਾ ਲੈਣ ਲਈ ਉਕਸਾਇਆ ਏ।

'ਹਾਅ ਦਾ ਨਾਅਰਾ' ਮਾਰ ਕੇ ਨਵਾਬ ਏਦਾਂ ਬੋਲਿਆ-
'ਇਹਨਾਂ ਮਾਸੂਮਾਂ ਕਿਹੜਾ ਖ਼ੂਨ ਕੋਈ ਡੋਲ੍ਹਿਆ?'

'ਬਦਲਾ ਪਿਤਾ ਦਾ ਬੱਚਿਆਂ ਤੋਂ ਨਹੀਉਂ ਲਈਦਾ,
ਜ਼ਿੰਦਗੀ 'ਚ ਆਪਣੇ ਅਸੂਲਾਂ ਉਤੇ ਰਹੀਦਾ!'

ਤੀਜੇ ਦਿਨ, ਕਾਜ਼ੀ ਉਹਨਾਂ ਦੁਸ਼ਟਾਂ ਦਾ ਹੋ ਗਿਆ,
ਸੱਚ ਕੋਲੋਂ ਮੂੰਹ ਮੋੜ, ਝੂਠ ਨਾਲ ਖਲੋ ਗਿਆ।

ਚੱਲਿਆ ਨਾ ਜ਼ੋਰ ਜਦ ਕੋਈ ਭਰਮਾਉਣ ਦਾ,
ਫਤਵਾ ਸੁਣਾ ਦਿੱਤਾ, ਨੀਹਾਂ 'ਚ ਚਿਨਾਉਣ ਦਾ!

ਬਾਲ ਨੇ ਮਾਸੂਮ ਭਾਵੇਂ, ਜਿੰਦਾਂ ਅਨਮੋਲ ਨੇ,
ਨੀਹਾਂ ਵਿੱਚ ਖੜੇ ਪਰ, ਬੜੇ ਹੀ ਅਡੋਲ ਨੇ।

'ਮੰਨ ਲਓ ਈਨ' ਵਾਰ ਵਾਰ ਕਿਹਾ ਬਾਲਾਂ ਨੂੰ,
ਕੰਬ ਗਏ ਜਲਾਦ, ਤੱਕ ਚਿਹਰੇ ਦੇ ਜਲਾਲਾਂ ਨੂੰ।

ਵੱਡਾ ਸਾਕਾ ਕਰ ਦਿਖਲਾਇਆ ਉਹਨਾਂ ਜੱਗ ਨੂੰ,
ਲੱਗਣ ਨਾ ਦਿੱਤਾ ਦਾਗ਼ ਦਾਦੇ ਵਾਲੀ ਪੱਗ ਨੂੰ।

ਅੱਜ ਵੀ ਸਰਹੰਦ ਵਿਚੋਂ ਲਾਲ ਪਏ ਨੇ ਬੋਲਦੇ,
ਸਿੱਖੀ ਵਾਲੀ ਸਿੱਖਿਆ ਨੂੰ ਸਾਡੇ ਵਿੱਚੋਂ ਟੋਲ੍ਹਦੇ।

'ਦੀਸ਼' ਦੀ ਕਲਮ ਅਜੇ ਬਹੁਤ ਹੀ ਨਿਆਣੀ ਏ।
ਸਿੱਖ ਇਤਿਹਾਸ ਦੀ ਤਾਂ ਅਜਬ ਕਹਾਣੀ ਏ।

## ਸ਼ਬਦ ਗੁਰੂ ਦੀ ਲੋੜ ਕਿਓਂ ... ?

ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ, ਅਮ੍ਰਿਤਸਰ (ਭਾਰਤ)



'ਕਲਯੁੱਗ' ਦਾ ਅਰਥ ਅਜੋਕੇ ਸਮੇ ਵਿਚ 'ਕਲ-ਪੁਰਜਿਆਂ ਦਾ ਯੁੱਗ', ਮਨੁੱਖੀ ਚੇਤਨਾ ਦਾ ਵਿਗਿਆਨ ਦੇ ਅੰਨੇਵਾਹ ਅਧੀਨ ਹੋ ਜਾਣ ਦੀ ਅਵਸਥਾ। ਮੋਬਾਇਲ ਫੋਨ ਦੀ ਅੰਨ੍ਹੇਵਾਹ ਵਰਤੋਂ ਕਰਕੇ ਮਨੁੱਖ ਮਨੁੱਖ ਤੋਂ ਦੂਰ ਹੋ ਰਿਹਾ ਹੈ। ਬੱਚਿਆਂ 'ਚ ਚਿੜਚਿੜਾਪਣ ਵਧ ਰਿਹਾ ਹੈ। ਮਨੁੱਖੀ ਕਦਰਾਂ ਕੀਮਤਾਂ ਦਾ ਪਤਨ ਹੋ ਰਿਹਾ ਹੈ। ਮਨੁੱਖ ਦੇ ਜਪਾਨ ਦੇ ਸ਼ਹਿਰਾਂ ਵਿੱਚ ਆਮ ਲੋਕਾਂ ਤੇ ਵਰਤੀ ਗਈ ਪ੍ਰਮਾਣੂ ਸ਼ਕਤੀ ਅਣਮਨੁੱਖੀ ਕਾਰਾ ਸੀ ਅਤੇ ਵਿਗਿਆਨਕ ਸੂਝ ਬੂਝ ਦੀ ਬੇਲਗਾਮ ਵਰਤੋਂ ਵੀ। ਕੋਂਵਿਡ-19 ਦੀ ਸਮੱਸਿਆ ਵਿੱਚ ਵੀ ਕਿਸੇ ਵਿਗਿਆਨੀ ਦੀ ਸ਼ਰਾਰਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਕੁਦਰਤ ਏਨੀ ਕਹਿਰਵਾਨ ਨਹੀਂ ਹੋ ਸਕਦੀ।ਮਨੁੱਖ ਕੁਦਰਤ ਦੀ ਸ਼ਕਤੀ ਨੂੰ ਬਿਲਕੁਲ ਵਿਸਾਰ ਕੇ ਆਪ-ਹੁਦਰਾ ਬਣ ਗਿਆ ਹੈ। ਵਿਗਿਆਨਕ ਸੋਚ ਦਾ ਧਾਰਨੀ ਹੋਣਾ ਬਹੁਤ ਜਰੂਰੀ ਹੈ ਪਰ ਵਿਗਿਆਨ ਦੀ ਅਧੀਨਗੀ ਸਵੀਕਾਰਨਾ ਕਿਥੋਂ ਤੱਕ ਜਾਇਜ ਹੈ? ਕੀ ਵਿਕਾਸ ਹੋਰ ਸਮੱਸਿਆਵਾਂ ਨੂੰ ਜਨਮ ਤਾਂ ਨਹੀਂ ਦੇ ਰਿਹਾ ?

ਇਤਿਹਾਸ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ "ਸ਼ਰਧਾ","ਆਸਥਾ" ਵਰਗੀਆਂ ਭਾਵਨਾਵਾਂ ਨੂੰ ਮਨੁੱਖੀ ਜੀਵਨ 'ਚੋਂ ਮਨਫੀ ਕਰਕੇ ਵੇਖਣਾ ਅਸੰਭਵ ਹੈ। ਇਹ ਉਨ੍ਹਾਂ ਹੀ ਖਤਰਨਾਕ ਹੈ ਜਿਨ੍ਹਾਂ ਮਨੁੱਖੀ ਜੀਵਨ ਦਾ 'ਗੈਰ ਵਿਗਿਆਨਕ' ਹੋਣਾ। ਇਸ ਦੁਚਿੱਤੀ ਜਾਂ 'ਸੰਸਾ' ਤੋਂ ਹੀ 'ਸੰਸਾਰ' ਹੋਂਦ ਵਿੱਚ ਆਇਆ ਹੈ।

ਜੇਕਰ ਇਹ ਧਾਰਨਾ ਬਣਾ ਲਈਏ ਕਿ ਨਿਰੋਲ ਵਿਗਿਆਨਕ ਢੰਗ ਨਾਲ ਸੋਚਣ ਵਾਲਾ ਬੰਦਾ 'ਸੰਸੇ' ਤੋਂ ਪਾਰ ਹੋ ਜਾਂਦਾ ਹੈ ਤਾਂ ਇਹ ਗੱਲ ਹਜ਼ਮ ਨਹੀਂ ਹੁੰਦੀ। ਪਿਛਲੇ ਦਿਨੀਂ 40 ਹਜਾਰ ਜਪਾਨੀ ਘਰਾਂ ਵਿੱਚ ਪਏ ਇਕੱਲੇ ਹੀ ਰਿੜਕ-ਰਿੜਕ ਕੇ ਮਰ ਗਏ, ਕਿਸੇ ਪੁੱਛਿਆ ਹੀ ਨਹੀਂ! ਪੁਲਿਸ ਨੇ ਕਈ ਲਾਸ਼ਾਂ ਛੇ-ਛੇ ਮਹੀਨੇ ਬਾਅਦ ਕੱਢੀਆਂ! ਜਪਾਨ ਇੱਕ ਵਿਗਿਆਨਕ ਤੌਰ ਤੇ ਵਿਕਸਿਤ ਦੇਸ਼ ਹੈ।

ਗੁਰੂ ਨਾਨਕ ਇਸ ਬਾਰੇ ਸਪੱਸ਼ਟ ਕਰਦਿਆਂ ਜੋਰ ਦਿੰਦੇ ਹਨ ਕਿ 'ਸੱਚੇ ਗੁਰੂ' ਦੀ ਸੰਗਤ ਬਿਨਾਂ ਕਦੇ 'ਸੰਸਾ' ਦੂਰ ਨਹੀਂ ਹੁੰਦਾ। ਸਾਡੀ ਇਸੇ ਕਮਜੋਰੀ ਦਾ ਫਾਇਦਾ ਉਠਾ ਕੇ ਪੈਦਾ ਹੋਏ ਹਨ ਕਈ "ਕਲਜੁਗੀ ਅਖੌਤੀ ਗੁਰੂ"। ਗੁਰੂ ਨਾਨਕ ਦਾ ਦਿੱਤਾ 'ਗੁਰੂ ਸਿੱਖ' ਦਾ ਸਿਧਾਂਤ ਸਦਾ ਅਟੱਲ ਹੈ। ਪਰ 'ਸੱਚੇ ਗੁਰੂ' ਦੀ ਪਹਿਚਾਣ ਕਿਵੇਂ ਹੋਵੇ।

ਜੇ ਕੋਈ ਗੁਰੂ ਦੀ ਪਹਿਚਾਣ ਕਰਨ ਦੀ ਸੋਚੇ ਤਾਂ ਫਿਰ ਤਾਂ ਉਹ 'ਗੁਰੂ' ਤੋਂ ਵੀ ਉਪਰ ਹੋ, ਫਿਰ ਗੁਰੂ ਦੀ ਲੋੜ ਹੀ ਕੀ ਹੈ। ਗੁਰੂ ਸਾਹਿਬ ਬਾਣੀ 'ਚ ਫੁਰਮਾਉਂਦੇ ਹਨ ਕਿ ਪਰਮਾਤਮਾ ਅੱਗੇ ਅਰਦਾਸ ਕਰੋ ਕਿ ਤੁਹਾਨੂੰ 'ਸੱਚਾ ਗੁਰੂ' ਮਿਲ ਪਵੇ। ਨੌਵੇਂ ਗੁਰੂ ਸਾਹਿਬ ਵੇਲੇ ਸਿੱਖਾਂ ਲਈ ਸਥਿੱਤੀ ਡਾਵਾਂਡੋਲ ਹੋ ਗਈ ਸੀ। ਫਿਰ ਭਾਈ ਮੱਖਣ ਸ਼ਾਹ ਲੁਬਾਣਾ ਦੀ ਅਰਦਾਸ ਕਬੂਲ ਹੋਈ ਅਤੇ ਉਹਨਾਂ ਨੂੰ ਸੱਚਾ ਗੁਰੂ ਮਿਲ ਪਿਆ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਾ ਸਥਾਈ ਹੱਲ ਕਰਦਿਆਂ 'ਸ਼ਬਦ ਗੁਰੂ' ਸਿਧਾਂਤ ਦਿੱਤਾ ਅਤੇ ਗੁਰਗੱਦੀ ਗੁਰੂ ਗ੍ਰੰਥ ਸਾਹਿਬ* ਜੀ ਨੂੰ ਸੌਂਪ ਦਿੱਤੀ। ਇਹ ਇੱਕ ਕ੍ਰਾਂਤੀਕਾਰੀ ਕਦਮ ਸੀ। ਅਸਲ ਵਿੱਚ ਗੁਰੂ ਨਾਨਕ ਸਾਹਿਬ ਨੇ ਸ਼ੁਰੂ ਤੋਂ 'ਸ਼ਬਦ ਗੁਰੂ' ਦਾ ਸਿਧਾਂਤ ਹੀ ਪ੍ਰਚਾਰਿਆ ਸੀ। ਫਿਰ ਵੀ ਕਲਯੁਗੀ ਬੁੱਧੀ ਅਧੀਨ ਸਿੱਖਾਂ ਵਿੱਚੋਂ ਵੀ ਕਈ ਪੜ੍ਹੇ ਲਿਖੇ ਪਰਿਵਾਰਾਂ ਦੀ ਸਮਝ ਵਿੱਚ ਵੀ ਇਹ ਗੱਲ ਨਹੀਂ ਬੈਠੀ ਅਤੇ ਉਹਨਾਂ ਨੇ ਹੋਰ ਥਾਵਾਂ ਤੇ ਜੁੜੇ ਰਹਿਣਾ ਜਾਰੀ ਰੱਖਿਆ।

*ਸ਼ਬਦ ਗੁਰੂ ਹੀ ਕਿਓਂ?

ਗੁਰੂ ਨਾਨਕ ਨੇ ਸਾਰਾ ਜੀਵਨ "ਸੰਸਾਰ" ਅਤੇ "ਕਰਤਾਰ" ਦੀ ਲੜੀ ਜੋੜਨ ਵਿੱਚ ਲਗਾ ਦਿੱਤਾ। ਜੇ ਸੰਸਾਰ ਕੁਝ ਨਹੀਂ ਹੈ ਤਾਂ "ਕਰਤਾਰ" ਵਿੱਚ ਸਭ ਕੁਝ ਹੈ। ਪਰ ਇਹ ਗਿਆਨ ਸੰਸਾਰ ਦਾ ਕੁਝ ਨਹੀਂ ਸਵਾਰ ਸਕਦਾ। ਲੋੜ ਸੀ "ਸੰਸਾਰ" ਅਤੇ "ਕਰਤਾਰ" ਜਾਂ "ਗਿਆਨ" ਅਤੇ "ਵਿਗਿਆਨ" ਵਿੱਚ ਇੱਕ ਕੜੀ ਸਥਾਪਤ ਕਰਨੀ। ਇਸ ਲਈ ਗੁਰੂ ਨਾਨਕ ਨੇ "ਸ਼ਬਦ" ਗੁਰੂ ਦਾ ਸੁਮੇਲ ਕੀਤਾ। ਦੂਸਰਾ, ਉਨ੍ਹਾਂ ਪ੍ਰਚਾਰੀ "ਗੁਰੂ" ਦੀ ਲੋੜ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ਤੁਹਾਡਾ ਗੁਰੂ ਕੌਣ ਹੈ ਤਾਂ ਉਨ੍ਹਾਂ ਦਾ ਕਥਨ ਸੀ "ਸ਼ਬਦ ਗੁਰੂ ਸੁਰਤ ਧੁਨ ਚੇਲਾ"।

ਅਜੋਕੀਆਂ ਪਦਾਰਥਕ ਖੋਜਾਂ ਨੂੰ ਸ਼ਬਦ ਦੀ ਖੋਜ ਦੇ ਵਿਰੁੱਧ ਪੇਸ਼ ਕਰਨ ਦੀ ਲੋੜ ਹੀ ਨਹੀਂ ਹੈ। ਨਾ ਹੀ ਗੁਰੂ ਨਾਨਕ ਨੇ ਕਦੀ ਮਨੁੱਖ ਨੂੰ ਸੰਸਾਰ ਨਾਲੋਂ ਟੁੱਟੇ ਰਹਿਣ ਜਾਂ ਬਣਵਾਸ ਕਰਨ ਲਈ ਕਿਹਾ। ਨਾ ਹੀ "ਆਤਮ-ਸਾਇੰਸ" ਦੇ ਖੋਜੀ ਪਦਾਰਥਵਾਦੀ ਖੋਜਾਂ ਦਾ ਵਿਰੋਧ ਕਰਦੇ ਹਨ। ਸਗੋਂ "ਸ਼ਬਦ" ਦੀ ਰੌਸ਼ਨੀ ਨਾਲ ਆਪਣੇ ਜੀਵਨ ਨੂੰ ਹੋਰ ਰੁਸ਼ਨਾਉਣ ਦੀ ਲੋੜ ਹੈ। ਵਿਗਿਆਨ ਦੇ ਕਥਨ ਅਨੁਸਾਰ ਸਿਰਫ ਦੋ ਹੀ ਅਹਿਮ ਚੀਜ਼ਾਂ ਜੋ ਜੀਵਨ ਦਾ ਆਧਾਰ ਹਨ, "ਐਨਰਜੀ" ਜਾਂ "ਊਰਜਾ" ਤੇ "ਮੈਟਰ" ਜਾਂ "ਪਦਾਰਥ"। ਪਰ ਤੀਜੀ ਅਹਿਮ ਖੋਜ ਜੋ ਅਧਿਆਤਮਵਾਦੀਆਂ ਨੇ ਕੀਤੀ ਹੈ ਉਹ ਹੈ "ਸਾਊਂਡ" ਜਾਂ "ਸ਼ਬਦ" ਦੀ। ਅਸਲ ਵਿੱਚ "ਸ਼ਬਦ" ਇਕਾਗਰਤਾ ਦਾ ਜਨਮ ਦਾਤਾ ਹੈ। ਪਦਾਰਥ ਅਤੇ ਊਰਜਾ ਦੀ ਖੇਡ "ਚੰਚਲਤਾ" ਨਾਲ ਭਰੀ ਹੋਈ ਹੈ, ਜਿਸ ਸੂਰਤ ਵਿੱਚ ਇਕਾਗਰਤਾ ਹਾਸਲ ਕਰਨਾ ਅਸੰਭਵ ਹੈ।

ਕਿਸੇ ਵੀ ਵਿਗਿਆਨੀ ਵੱਲੋਂ ਇਕਾਗਰਤਾ ਨਾਲ ਹੀ ਕੋਈ ਖੋਜ ਜਾਂ ਕਾਢ ਕੱਢੀ ਹੋਈ ਹੁੰਦੀ ਹੈ। ਪ੍ਰੰਤੂ ਅਜਿਹੀ ਇਕਾਗਰਤਾ ਕਈ ਵਾਰ ਨਾਸ਼ਵਾਨ ਪ੍ਰਾਪਤੀਆਂ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ। ਜਿਵੇਂ ਪ੍ਰਮਾਣੂ ਦੀ ਖੋਜ ਤਾਂ ਮਨੁੱਖਤਾ ਹਿਤੈਸ਼ੀ ਹੈ ਪਰ 'ਪ੍ਰਮਾਣੂ ਬੰਬ' ਦੀ ਖੋਜ ਨਾਸ਼ਵਾਨ ਪ੍ਰਾਪਤੀ ਹੈ। "ਪਰਮਾਤਮਾ" ਦੀ ਖੋਜ ਸਭ ਤੋਂ "ਪਰਮ" ਹੈ ਅਤੇ "ਪਰਮ" ਖੋਜ ਲਈ ਪਰਮ ਇਕਾਗਰਤਾ ਦੀ ਜ਼ਰੂਰਤ ਹੁੰਦੀ ਹੈ। ਪਰਮ ਇਕਾਗਰਤਾ ਨੂੰ ਪੈਦਾ ਕਰਦਾ ਹੈ 'ਸ਼ਬਦ'। ਸ਼ਬਦ ਦੁਆਰਾ ਪੈਦਾ ਕੀਤੀ ਹੋਈ ਪਰਮ ਇਕਾਗਰਤਾ ਦੁਆਰਾ ਹੀ ਤੁਸੀਂ ਪਰਮ ਸ਼ਕਤੀ ਨੂੰ ਪ੍ਰਾਪਤ ਹੁੰਦੇ ਹੋ, ਯਾਨੀ ਪਰਮ ਸ਼ਕਤੀ ਵਿੱਚ ਅਭੇਦਤਾ ਪ੍ਰਾਪਤ ਕਰਦੇ ਹੋ। ਇੱਥੇ ਅਹਿਮ ਸਵਾਲ ਪੈਦਾ ਹੋ ਸਕਦਾ ਹੈ ਕੁਝ ਮਨਾਂ ਵਿੱਚ ਕਿ ਪਰਮਾਤਮਾ ਦੀ ਖੋਜ ਹੀ ਕਿਉਂ?

ਇਨਸਾਨ ਅਨੰਤ ਦੀ ਖੋਜ ਵਿੱਚ ਯੁਗਾਂ ਯੁਗਾਂ ਤੋਂ ਨਿਕਲਿਆ ਹੋਇਆ ਹੈ ਪਰ ਇਸ ਖੋਜ ਦਾ ਕੋਈ ਹੱਦ ਬੰਨਾ ਨਜ਼ਰ ਨਹੀਂ ਆਉਂਦਾ। ਇਸ ਕਾਰਜ ਵਿੱਚ 'ਸ਼ਬਦ' ਦੀ ਖੋਜ ਇੱਕ ਅਹਿਮ ਯੋਗਦਾਨ ਪਾਉਂਦੀ ਹੈ।"ਪਰਮਾਰਥ" ਦੇ ਖੋਜੀਆਂ ਵੱਲੋਂ ਇਹ ਕਦੀ ਵੀ ਨਹੀਂ ਕਿਹਾ ਜਾਂਦਾ ਕਿ ਪਦਾਰਥ ਦੀਆਂ ਖੋਜਾਂ, ਜੋ ਜੀਵਨ ਨੂੰ ਸੁਖਾਲਾ ਬਣਾਉਣ ਲਈ ਹੋ ਰਹੀਆਂ ਹਨ, ਤੋਂ ਮੂੰਹ ਮੋੜ ਲਉ। ਮੌਜੂਦਾ ਸਮੇਂ ਵਿੱਚ ਸਰੀਰਕ ਬਿਮਾਰੀਆਂ ਵਿੱਚ ਸਾਰੀਆਂ ਸਾਵਧਾਨੀਆਂ ਵਰਤਣ ਅਤੇ ਮੈਡੀਕਲ ਵਿਗਿਆਨ ਦਾ ਭਰਭੂਰ ਫਾਇਦਾ ਉਠਾਉਣ ਦੀ ਲੋੜ ਹੈ। ਬਸ, ਇਸ ਦੀ ਦੁਰ-ਵਰਤੋਂ ਤੋਂ ਬਚਣਾ ਹੈ। ਇੱਕ ਸੱਚਾ ਅਧਿਆਤਮਵਾਦੀ ਇਸ ਯੋਗਦਾਨ ਨੂੰ ਕਦੇ ਵੀ ਘਟਾ ਕੇ ਨਹੀਂ ਵੇਖਦਾ। ਸਗੋਂ ਵਿਗਿਆਨੀ ਹੋਣਾ ਅਤੇ ਪਦਾਰਥ ਨੂੰ ਪੂਰੀ ਤਰ੍ਹਾਂ ਖੋਜਣਾ ਤਾਂ ਬਹੁਤ ਜ਼ਰੂਰੀ ਹੈ ਕਿਉਂਕਿ ਗਿਆਨੀ ਲਈ ਵਿਗਿਆਨੀ ਹੋਣਾ ਅਤੇ ਵਿਗਿਆਨੀ ਦਾ ਗਿਆਨੀ ਹੋਣਾ ਮੁੱਖ ਲੋੜ ਹੈ। ਗੁਰੂ ਨਾਨਕ "ਸ਼ਬਦ" ਦੀ ਥਾੱਂ "ਨਾਮ" ਸ਼ਬਦ ਦੀ ਵੀ ਵਰਤਦੇ ਹਨ। ਗੁਰੂ ਸਾਹਿਬ ਅਨੁਸਾਰ "ਸ਼ਬਦ" ਹੀ ਸਾਰੀ ਸ੍ਰਿਸ਼ਟੀ ਦਾ ਅਧਾਰ ਹੈ।

"ਨਾਮ ਕੇ ਧਾਰੇ ਆਗਾਸ ਪਾਤਾਲ" (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ- 283)

ਸ੍ਰਿਸ਼ਟੀ ਇੱਕ ਲੈਅ ਵਿੱਚ ਚਲ ਰਹੀ ਹੈ। ਸਭ ਕੁਝ ਚਲ ਰਿਹਾ ਹੈ, ਕੁਝ ਵੀ ਸਥਿਰ ਨਹੀਂ ਹੈ।

ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ॥ ( ਪੰਨਾ-431)

ਗੁਰੂ ਸਾਹਿਬ ਕਹਿ ਰਹੇ ਹਨ 'ਲੈਅ' ਵਿੱਚ ਜੀਵੋ ਤਾਂ ਜੀਵਨ ਦਾ ਜਿਆਦਾ ਅਨੰਦ ਆਵੇਗਾ। ਇਹ ਵਿਗਿਆਨਕ ਤੱਥ ਹੈ। ਅਗਿਆਨਤਾ ਵੱਸ ਇਸ ਸਿਧਾਂਤ ਦੀ ਦੁਰਵਰਤੋਂ ਹੋ ਰਹੀ ਹੈ। ਗੁਰਬਾਣੀ ਵਿੱਚ 'ਧੁਰ ਕੀ ਬਾਣੀ' ਦਾ ਜੋ ਸੰਕੇਤ ਹੈ ਉਸ ਮੁਤਾਬਿਕ 'ਧੁਰ' ਤੋਂ ਭਾਵ 'ਧੁਰਾ' ਹੈ।

ਕਿਸੇ ਵੀ ਘੁੰਮਦੀ ਹੋਈ ਫਿਰਕੀ ਦਾ ਪਹੀਆ ਘੁੰਮਦਾ ਹੈ ਪਰ "ਧੁਰਾ" ਸਥਿਰ ਰਹਿੰਦਾ ਹੈ। ਸਭ ਕੁਝ ਚਲਦਾ ਹੈ ਪਰ ਜਿਸ ਦੁਆਲੇ ਚਲਦਾ ਹੈ ਉਹ 'ਧੁਰਾ' ਅਰਥਾਤ 'ਨਾਮ' ਸਦਾ ਸਥਿਰ ਹੈ। ਧੁਰੇ ਉਪਰ ਘੁੰਮਣ ਕਰਕੇ ਪਹੀਏ ਅਤੇ ਧੁਰੇ ਵਿੱਚ ਜੋ ਰਗੜ ਹੈ ਉਹ ਇੱਕ "ਅਵਾਜ" ਪੈਦਾ ਕਰਦੀ ਹੈ। ਇਸ ਆਵਾਜ਼ ਨੂੰ ਗੁਰਬਾਣੀ ਵਿੱਚ "ਅਨਹਦ ਨਾਦ" ਵੀ ਕਿਹਾ ਗਿਆ ਹੈ। ਇਹ ਆਵਾਜ਼ ਕਿਸੇ ਦੇ ਕੀਤਿਆਂ ਨਹੀਂ ਹੋ ਰਹੀ, ਆਪਣੇ ਆਪ ਹੋ ਰਹੀ ਹੈ। ਇਸੇ ਨਿਯਮ ਨੂੰ ਸਾਰੀ ਸ੍ਰਿਸ਼ਟੀ ਦੇ ਚੱਕਰ ਨੂੰ ਸਮਝਾਉਣ ਲਈ ਵਰਤਿਆ ਹੈ। ਸ੍ਰਿਸ਼ਟੀ ਦੇ ਧੁਰੇ ਦੀ ਅਵਾਜ ਹੀ 'ਨਾਮ' ਹੈ। ਚੱਕੀ ਦੇ ਪੁੜ ਹੇਠ ਜੋ ਦਾਣੇ ਆ ਜਾਂਦੇ ਹਨ ਉਹ ਪੀਸੇ ਜਾਂਦੇ ਹਨ ਪਰ ਜੋ ਧੁਰੇ ਦੇ ਨੇੜੇ ਹੁੰਦੇ ਹਨ ਉਹ ਬਚ ਜਾਂਦੇ ਹਨ। ਜੇ 'ਧੁਰੇ' ਦੇ ਨੇੜੇ ਜਾਣਾ ਹੈ ਤਾਂ ਧੁਰੇ ਦੀ ਅਵਾਜ ਦੀ ਦਿਸ਼ਾ 'ਚ ਜਾਣਾ ਪਵੇਗਾ। 'ਸ਼ਬਦ' ਨੂੰ ਹੀ "ਧੁਰ ਕੀ ਬਾਣੀ" ਕਿਹਾ ਗਿਆ ਹੈ। ਸੁਰਤ ਨੂੰ ਇਸ ਤੇ ਇਕਾਗਰ ਕਰਦਿਆਂ ਹੀ ਸਾਰੀ ਚਿੰਤਾ ਮਿਟ ਜਾਂਦੀ ਹੈ। (ਧੁਰ ਕੀ ਬਾਣੀ ਆਈਜਿਨਿ ਸਗਲੀ ਚਿੰਤ ਮਿਟਾਈ॥)

ਸਪੱਸ਼ਟ ਹੈ ਕਿ ਕੌਣ ਪੀਸੇ ਜਾਂਦੇ ਹਨ ਤੇ ਕੌਣ ਬਚ ਸਕਦੇ ਹਨ। ਇਸ ਤਰ੍ਹਾਂ ਚਿੰਤਾਵਾਂ ਦਾ ਅੰਤ ਤਾਂ ਹੀ ਹੋਣਾ ਹੈ ਜਦੋਂ ਇਹ ਪਤਾ ਚੱਲੇਗਾ ਕਿ "ਧੁਰਾ" ਸਦੈਵ ਹੈ ਉਹ ਕਦੀ ਨਹੀਂ ਮਿਟਦਾ। 'ਧੁਰ ਕੀ ਬਾਣੀ' ਵੀ ਕਦੀ ਨਹੀਂ ਮਿਟਦੀ। ਇਸ 'ਧੁਰ' ਕੀ ਬਾਣੀ ਨਾਲ ਜੁੜੀ ਹੋਈ ਸੁਰਤ ਵੀ ਕਦੀ ਨਹੀਂ ਮਿਟਦੀ। ਇਸ ਤਰ੍ਹਾਂ ਸੁਰਤ ਅਤੇ ਮਾਨਸਿਕ ਸ਼ਕਤੀ ਬਹੁਤ ਵਿਸ਼ਾਲ ਹੋ ਜਾਂਦੇ ਹਨ। ਫਿਰ ਸਮਝ ਵਿੱਚ ਆ ਜਾਂਦਾ ਹੈ ਕਿ ਸਰੀਰ ਦਾ ਮਿਟਣਾ ਤੈਅ ਹੈ ਪਰ ਸੁਰਤ ਦਾ ਮਿਟਣਾ ਅਸੰਭਵ ਹੈ। ਤਦ ਹੀ ਤੁਹਾਨੂੰ ਸੁਰਤ ਜਾਂ ਹੋਸ਼ ਨਾਲ ਜਿੰਦਗੀ ਜੀਉਣਾ ਆਉਂਦਾ ਹੈ।

# ਸਾਇੰਸ ਤੇ ਗੁਰਬਾਣੀ ਵਿਚ ਧਰਤੀ ਬਾਰੇ ਵਿਚਾਰਾਂ ਦੀ ਸਮਾਨਤਾ : ਭਾਗ-2

ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)

(ਲੜੀ ਜੋੜਨ ਲਈ ਭਾਗ-1 ਪੜ੍ਹੋ ਜੀ)

ਧਰਤੀ ਨਾਲ ਸਬੰਧਤ ਗੁਰਬਾਣੀ ਦੇ ਕੁਝ ਸ਼ਬਦ ਤੇ ਵਿਚਾਰ।

ਜਪੁਜੀ ਸਾਹਿਬ ਵਿਚ ਪੌਦਿਆਂ ਤੇ ਜੀਵਾਂ ਦੇ ਜੀਵਨ ਲਈ ਧਰਤੀ ਦੀ ਮਹਾਨਤਾ ਇਸਤਰਾਂ ਹੈ:


ਪਵਣੁ ਗੁਰੂ : ਹਵਾ ਔਕਸੀਜਨ ਤੇ ਕਾਰਬਨ ਪ੍ਰਦਾਨ ਕਰਦੀ ਹੈ।

ਪਾਣੀ ਪਿਤਾ : ਸਾਰੇ ਜੀਵਾਂ ਵਿਚ ਖੁਰਾਕ ਵੱਖ-ਵੱਖ ਅੰਗਾ ਤਕ ਲਿਜਾਂਦਾ ਹੈ। ਉਨ੍ਹਾਂ ਨੂੰ ਪ੍ਰਕਾਸ਼ ਵਿਸ਼ਲੇਸ਼ਣ ਰਾਹੀਂ ਹਾਈਡਰੋਜਨ ਦਿੰਦਾ ਹੈ।

ਮਾਤਾ ਧਰਤਿ ਮਹਤੁ ਮਾਂ ਵਾਂਗ, ਜੀਵਾਂ ਨੂੰ ਧਰਤੀ ਵਿਚੋਂ ਪੌਸ਼ਟਿਕ ਤੱਤ ਤੇ ਪਾਣੀ ਮਿਲਦੇ ਹਨ।

ਦਿਵਸ ਰਾਤ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ : ਸੂਰਜ ਦੀ ਰੋਸ਼ਨੀ ਵਰਤ ਕੇ ਬੂਟੇ ਪਾਣੀ ਤੇ ਧਰਤੀ ਵਿਚੋਂ ਲਏ ਪੌਸ਼ਟਿਕ ਤੋਂ ਜੜਾਂ, ਤਣੇਂ, ਟਾਹਣੀਆਂ, ਫੁੱਲ ਤੇ ਫਲ ਬਣਾਉਂਦੇ ਹਨ।

ਧਰਤੀ ਨੂੰ ਰਾਤਾਂ, ਰੁੱਤਾਂ, ਥਿਤਾਂ ਤੇ ਵਾਰਾਂ, ਹਵਾ, ਪਾਣੀ, ਅੱਗ ਅਤੇ ਪਾਤਾਲ, ਆਦਿ ਵਿਚ ਧਰਮ ਕਮਾਣ ਦਾ ਅਸਥਾਨ ਬਣਾ ਕੇ ਟਿਕਾਇਆਂ ਦਰਸਾਇਆਂ ਗਿਆ ਹੈ, 'ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥' (ਪੰਨਾ 7).



ਤਨੁ ਨੂੰ ਧਰਤੀ ਤੇ ਮਨ ਨੂੰ ਕਿਸਾਂਨ ਬਣਾਂ ਕੇ ਨਿਰਬਾਣ ਪ੍ਰਾਪਤੀ ਦੀ ਪ੍ਰੇਰਣਾਂ, 'ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥ ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ॥' (ਪੰਨਾ 23)

ਆਪਣੇ ਕਰਮ ਨੂੰ ਭੁਇੰ ਬਣਾ ਕੇ, ਇਸ ਵਿਚ ਗੁਰੂ ਸ਼ਬਦ ਦਾ ਬੀਜ, ਸਿਮਰਨ ਦਾ ਪਾਣੀ, ਤੇ ਕਿਸਾਨ ਵਰਗਾ ਉੱਦਮ ਕਰਕੇ ਤੇਰੀ ਕਿਰਸਾਣੀ ਵਿਚ ਸਰਧਾ ਦੀ ਖੇਤੀ ਉੱਗੇਗੀ। ਹੇ ਮੂਰਖ! ਇਸ ਤਰੀਕੇ ਨਾਲ ਸਮਝ ਆਵੇਗੀ ਕਿ ਬਹਿਸ਼ਤ ਤੇ ਦੋਜ਼ਖ਼ ਕੀ ਹਨ, 'ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ॥ ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ॥' (ਪੰਨਾ 24)

ਸਰੀਰ ਕਰਮ ਕਮਾਣ ਲਈ ਧਰਤੀ ਹੈ, ਜਿਹਾ (ਕੋਈ) ਬੀਜਦਾ ਹੈ ਉਹੀ ਖਾਂਦਾ ਹੈ, 'ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ॥' (ਪੰਨਾ 78)

ਧਰਤੀ (ਸਰੀਰ) ਵਿਚ ਪਰਮਾਤਮਾ ਦਾ ਨਾਮ ਬੀਜ, ਇਸ ਤਰ੍ਹਾਂ ਤੇਰਾ ਹਰ ਮਨੋਰਥ ਸਿਰੇ ਚੜ੍ਹ ਜਾਵੇਗਾ, 'ਕਰਮ ਭੂਮਿ ਮਹਿ ਬੋਅਹੁ ਨਾਮੁ॥ ਪੂਰਨ ਹੋਇ ਤੁਮਾਰਾ ਕਾਮੁ॥' (ਪੰਨਾ 176)

ਸਤਿਗੁਰੂ ਵੀ ਧਰਮ ਦੀ ਭੋਏਂ ਹੈ, ਜਿਸ ਤਰ੍ਹਾਂ ਦੀ ਭਾਵਨਾ ਦਾ ਬੀਜ ਬੀਜੋਗੇ, ਉਹੋ ਫਲ ਮਿਲੇਗਾ।, 'ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥ ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ॥' (ਪੰਨਾ 302)

ਧਰਤੀ ਵਾਂਗ ਸਰੀਰ ਵਿਚ ਨਾਮ-ਸਿਮਰਨ ਦਾ ਬੀਜ ਪਾਓ ਤਾਂ ਇਸ ਵਪਾਰ ਨਾਲ ਜੀਵਨ ਮਨੋਰਥ ਦਾ ਲਾਭ ਖੱਟ ਕੇ ਜਾਓ, 'ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥' (ਪੰਨਾ 418)

ਸਰੀਰ ਰੂਪੀ ਧਰਤੀ ਤਿਆਰ ਕਰਕੇ ਵਿਚ ਪ੍ਰਭੂ ਦਾ ਨਾਮ ਬੀਜਣ ਲਈ ਪ੍ਰੇਰਣਾਂ, 'ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥' (ਪੰਨਾ 468)

ਧਰਤੀ ਉਤੇ ਅਨੇਕਾਂ ਆਏ ਜੋ ਕਿਲ੍ਹੇ ਆਦਿਕ ਬਣਾ ਕੇ ਚਲੇ ਗਏ, 'ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ॥' (ਪੰਨਾ 595)

ਸਰੀਰ ਕਰਮ ਬੀਜਣ ਲਈ ਧਰਤੀ ਹੈ; ਜੋ ਬੀਜੀਏ ਉਹੀ ਖਾਈਦਾ ਹੈ, 'ਨਿਰਮਲ ਰੂਪ ਅਨੂਪ ਸੁਆਮੀ ਕਰਮ ਭੂਮਿ ਬੀਜਨ ਸੋ ਖਾਵਨ॥' (ਪੰਨਾ 717)

ਜਿਵੇਂ ਧਰਤੀ ਪੈਰਾਂ ਵਿਚੋਂ ਉਪਰਿ ਆ ਜਾਂਦੀ ਹੈ, ਸ਼ਬਦ ਦੀ ਕਮਾਈ ਨਾਲ ਸੰਤਾਂ ਨੂੰ ਇੱਜਤ ਮਿਲਦੀ ਹੈ।

'ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ॥' (ਪੰਨਾ 735)

ਜਿਸ ਕੋਲ ਪਰਮਾਤਮਾ ਦਾ ਨਾਮ ਹੋਵੇ, ਧਰਤੀ (ਸਰੀਰ) ਸੋਹਣਾ ਹੈ ਤੇ ਤਲਾਬ (ਹਿਰਦਾ) ਪਵਤਿਰ ਹੈ, 'ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥' (ਪੰਨਾ 783)

ਧਰਤੀ ਤੇ ਆਕਾਸ਼ ਪਰਮਾਤਮਾ ਵਲੋਂ ਜੀਵਾਂ ਦੇ ਵੱਸਣ ਵਾਸਤੇ ਥਾਂ ਹੈ, 'ਧਰਤਿ ਅਕਾਸੁ ਕੀਏ ਬੈਸਣ ਕਉ ਥਾਉ॥' (ਪੰਨਾ 839)

ਧਰਤੀ ਪੈਦਾ ਕਰ ਕੇ ਪਰਮਾਤਮਾ ਨੇ ਇਸ ਨੂੰ ਧਰਮ ਕਮਾਣ ਲਈ ਥਾਂ ਬਣਾ ਦਿੱਤੀ ਹੈ, 'ਧਰਤਿ ਉਪਾਇ ਧਰੀ ਧਰਮ ਸਾਲਾ॥' (ਪੰਨਾ 1033)

ਪਰਮਾਤਮਾ ਨੇ ਸਭ ਆਪੇ ਤੋਂ ਹੀ ਪੈਦਾ ਕੀਤਾ ਹੈ ਤੇ ਆਪਣੇ ਸਹਾਰੇ ਹੀ ਟਿਕਾਈ ਰੱਖਦਾ ਹੈ, 'ਸੁੰਨਹੁ ਧਰਤਿ ਅਕਾਸੁ ਉਪਾਏ॥ ਬਿਨੁ ਥੰਮਾ ਰਾਖੇ ਸਚੁ ਕਲ ਪਾਏ ॥' (ਪੰਨਾ 1037)

ਲਾਲਚ ਤੇ ਹਉਮੇ ਛਡ ਕੇ ਧਰਤੀ ਵਾਂਗ ਨੀਵੇਂ ਰਹਿਣ ਲਈ ਪ੍ਰੇਰਨਾ, 'ਧਨੁ ਧਰਤੀ ਤਨੁ ਹੋਇ ਗਇਓ ਧੂੜਿ॥' (ਪੰਨਾ 1252)

ਧਰਤੀ ਵਾਂਗ ਨੀਵਾਂ ਰਹਿ ਕੇ, ਆਪਾ ਗਵਾ ਕੇ, ਸਬਰ ਨਾਲ ਧਰਮ ਲਈ ਪ੍ਰੇਰਣਾਂ, 'ਸਭ ਦੂੰ ਨੀਵੀ ਧਰਤਿ ਹੈ, ਆਪੁ ਗਵਾਇ ਹੋਈ ਓਡੀਣੀ। ਧੀਰਜੁ ਧਰਮੁ ਸੰਤੋਖੁ ਦ੍ਰਿੜ, ਪੈਰਾ ਹੇਠ ਰਹੈ ਲਿਵ ਲੀਣੀ।'(ਭਾਈ ਗੁਰਦਾਸ ਜੀ, ਵਾਰ 4).

ਸਾਰਅੰਸ਼ : ਧਰਤਿ ਜਾਂ ਭੂਮਿ ਬਾਰੇ ਸਾਂਇਸ ਵਿਚ ਲਿਖੇ ਵਿਚਾਰਾਂ ਤੇ ਕਈ ਸੌ ਸਾਲ ਪਹਿਲਾਂ ਉਚਾਰੀ ਗੁਰਬਾਣੀ ਦੇ ਸ਼ਬਦਾਂ ਵਿਚ ਸਮਾਨਤਾ ਹੈ। ਦੋਵਾਂ ਵਿਚ ਧਰਤੀ ਨੂੰ ਜੀਵਾਂ ਦੇ ਪਾਲਣ ਵਾਲੀ ਕਿਹਾ ਗਿਆ ਹੈ। ਵਿਗਿਆਨ ਰਾਹੀਂ ਲਭੇ ਵਿਚਾਰ ਗੁਰਬਾਣੀ ਵਿਚ ਉਚਾਰੇ ਵਿਚਾਰਾਂ ਦੀ ਪ੍ਰੋੜਤਾ ਕਰਦੇ ਹਨ।

## World Soil Day (5 December)

This international day to celebrate soil was recommended by the International Union of Soil Sciences (IUSS) in 2002. In June 2013, the FAO supported its establishment on a global platform. In December 2013, the UN General Assembly designated 5 December 2014 as the first official World Soil Day. The theme for 2024 is "Caring for Soils" to recognize that soil needs proper care to perform its vital functions in an ecosystem.




It aims to: raise awareness in order to increase public understanding of the importance of soil health and encourage policies that support soil conservation and sustainable land management. It is aimed also at fostering collaboration: among governments and other organizations to protect and restore soil health.

Some of the roles of healthy soils are : nutrient cycling, (to reduce the need for supplemental nutrients), protection of biodiversity (bacteria, fungi, insects, and other microorganisms), natural water filtration and storage, air quality maintenance, prevention of groundwater contamination, organic matter decomposition and support for healthy crops, strong buildings, and durable roads.

Healthy soil can capture and store carbon dioxide from the atmosphere, helping to mitigate climate change. It prevents erosion by maintaining structure and organic matter, combat desertification and soil degradation, ensuring long-term agricultural productivity. Ensuring soil health leads to the production of safe and nutritious food.

**(By – Ransher Raj Singh)**

**Sikhs Must Shape - Not be Sahaped by AI**

Dr. Sardar Devinder Pal Singh, Missisauga (Canada)



Artificial Intelligence (AI) stands at the forefront of the rapidly evolving technology landscape, offering unprecedented opportunities and challenges. For communities such as the Sikhs, who have a rich cultural and spiritual heritage, it is crucial to recognize the potential of AI to empower and enhance their values, beliefs, and practices. Instead of being shaped by AI, they should actively shape AI to reflect their principles, ethics, and aspirations, fostering a sense of hope and optimism.

**The Influence of AI on Society**

AI is increasingly integrated into various aspects of daily life, from social media algorithms that curate our information feeds to advanced systems in healthcare and education. This technology can influence how communities perceive themselves and interact with the world.

For Sikhs who uphold values of equality, justice, and compassion, the risk of biased AI or ethical dilemmas is concerning. If left unchecked, AI could amplify stereotypes or distort the narratives that define the Sikh experience. AI systems are trained to reflect historical biases and societal norms. If these are not addressed, AI could reinforce harmful stereotypes about Sikhs and other marginalized groups. For example, facial recognition technology has its inaccuracies in identifying individuals of certain ethnic backgrounds, leading to discriminatory practices in law enforcement.

Sikhs must actively fight for a more equitable representation in AI development, ensuring that their voices and experiences are heard in the datasets that drive these systems.

**Shaping AI with Sikh Values**

To counteract these pitfalls, Sikhs should recognize their responsibility and actively participate in developing and deploying AI technologies. This can take many forms, including educating community members about AI, encouraging participation in STEM (science, technology, engineering, and mathematics) to align with Sikh values.

One of Sikhism's core tenets is **Seva** or selfless service. This principle can guide Sikhs in using AI for the greater good, focusing on applications that enhance community well-being and social justice. For instance, AI could be harnessed to improve access to education for underprivileged children or to create platforms that promote interfaith dialogue and understanding.

By leading initiatives that prioritize ethical considerations and community impact, Sikhs can ensure that AI serves humanity rather than the other way around.

**Ethical Frameworks and Community Engagement**

Sikhs can contribute to the discourse around ethical AI by establishing frameworks that resonate with their spiritual teachings. The concept of **Ik Onkar**, the oneness of creation, emphasizes the interconnectedness of all life. This perspective can inform AI development by fostering a sense of responsibility among developers and users.

Engaging with AI developers and policymakers can help ensure that the ethical implications of AI are considered at every stage of its creation. Sikhs can advocate for transparency in AI algorithms, encouraging practices that make systems accountable to the communities they affect.

By fostering partnerships with tech companies, educational institutions, and policymakers, Sikhs can promote initiatives that reflect their values and promote equity in technology.

**A Call to Action**

For shaping AI in a way that reflects Sikh values, proactive engagement in organizations, educational institutions, and individuals must promote awareness of AI's implications and the need for ethical considerations in its deployment. This may involve creating workshops, seminars, and resources that educate Sikhs about AI and its potential impacts.

Moreover, Sikhs can encourage their youth to pursue careers in technology and AI, fostering a new generation of leaders who will carry the principles of equality, justice, and compassion into the technological sphere. This proactive approach will not only empower the Sikh community but also contribute to a broader societal dialogue about the ethical use of technology.

**Conclusion**

Sikhs must take a stand against the passive acceptance of AI as a determinant of their identity and values. They should embrace the opportunity to shape AI in ways that align with their rich heritage and ethical values and beliefs. By engaging actively with technology, advocating for justice and equity, and ensuring that their voices are heard in the development of AI, Sikhs can play a pivotal role in guiding the future of this transformative technology.

The challenge is significant, but so are the opportunities for Sikhs to lead by example and demonstrate the impact of their values in the digital age.



## ਖੇਤੀਬਾੜੀ ਦੀ ਤਰੱਕੀ ਦੇ ਜੁਮੇਵਾਰ ਪੰਜਾਬੀ ਵਗਿਆਨੀ ਤੇ ਮਾਹਰ : ਭਾਗ – 3

### ਡਾ. ਗੁਰਦੇਵ ਸਿੰਘ ਖੁਸ਼ – ਚੌਲਾਂ ਦਾ ਬਾਦਸ਼ਾਹ (gurdev@khush.org)



ਡਾ. ਖੁਸ਼ 22 ਅਗਸਤ 1935 ਨੂੰ ਰੁੜਕੀ, ਭਾਰਤ ਵਿੱਚ ਜਨਮੇ। B.Sc. ਪੰਜਾਬ ਖੇਤੀਬਾੜੀ ਯੂਨੀਵਰਸਿਟੀ 'ਤੇ Ph.D. ਕੈਲੀਫੋਰਨੀਆ ਯੂਨੀਵਰਸਿਟੀ, ਡੇਵਿਸ ਤੋਂ ਕੀਤੀ। ਸੱਤ ਸਾਲਾਂ ਲਈ ਇਸ ਯੂਨੀਵਰਸਿਟੀ ਦੇ ਫੈਕਲਟੀ ਮੈਂਬਰ ਹੇ। ਫਿਲੀਪੀਨਜ਼ ਵਿੱਚ ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ (IRRI) ਵਿੱਚ ਪਲਾਂਟ ਬਰੀਡੀਂਗ ਵਿਭਾਗ ਦੇ ਮੁਖੀ, ਪ੍ਰਿੰਸੀਪਲ ਪਲਾਂਟ ਬਰੀਡਿੰਗ ਜੈਨੇਟਿਕਸ ਅਤੇ ਬਾਇਓਕੈਮਿਸਟਰੀ ਦੇ ਡਿਵੀਜ਼ਨ ਮੁਖੀ ਬਣੇ। ਅੱਜ ਤੱਕ ਡੇਵਿਸ ਵਿਚ ਐਡਜੰਕਟ (Adjunct) ਪ੍ਰੋਫੈਸਰ ਹਨ।

ਉਨ੍ਹਾਂ ਨੇ IRRI ਵਿਖੇ 35 ਸਾਲ ਝੋਨੇ ਦਾ ਝਾੜ ਵਧਾਉਣ ਅਤੇ ਬਿਮਾਰੀਆਂ 'ਤੇ ਕੀੜੇ ਰੋਕ ਵਾਲੀਆਂ ਨਵੀਆਂ ਕਿਸਮਾ ਵਾਲੇ ਪ੍ਰੋਗਰਾਮ ਦੀ ਅਗਵਾਈ ਕਰਕੇ ਚੌਲਾਂ ਦੀ ਖੇਤੀ ਵਿੱਚ ਹਰੀ ਕ੍ਰਾਂਤੀ ਦੀ ਸ਼ੁਰੂਆਤ ਕੀਤੀ। ਵਿਕਸਤ ਚਾਵਲ ਦੀਆਂ 300 ਤੋਂ ਵੱਧ ਕਿਸਮਾਂ ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਵਿੱਚ ਜਾਰੀ ਕੀਤੀਆਂ ਗਈਆਂ, ਜੋ ਦੁਨੀਆਂ ਦੇ ਚੌਲਾਂ ਦੀ 60% ਜ਼ਮੀਨ ਵਿੱਚ ਉਗਾਈ ਜਾਂਦੀਆਂ ਹਨ।

ਡਾ. ਕੈਂਟਰੇਲ, IRRI ਦੇ ਡਾਇਰੈਕਟਰ ਜਨਰਲ, ਨੇ ਉਨ੍ਹਬ ਬਾਰੇ ਕਿਹਾ, "ਹਾਲਾਂਕਿ ਉਸਦਾ ਨਾਮ ਬਹੁਤ ਸਾਰੇ ਲੋਕਾਂ ਦੇ ਬੁੱਲ੍ਹਾਂ ਤੋਂ ਲੰਘਿਆ ਹੋ ਸਕਦਾ ਹੈ, ਉਸਦੇ ਜੀਵਨ ਦਾ ਕੰਮ ਲਗਭਗ ਅੱਧੀ ਮਨੁੱਖਜਾਤੀ ਦੇ ਬੁੱਲ੍ਹਾਂ ਤੋਂ ਲੰਘਿਆ ਹੈ"।

ਸਨਮਾਨ ਵਜੋਂ ਉਨ੍ਹਾਂ ਨੂੰ ਬੋਰਲੌਗ ਅਵਾਰਡ, ਜਾਪਾਨ ਇਨਾਮ, ਵਿਸ਼ਵ ਭੋਜਨ ਅਤੇ ਰੈਂਕ ਪੁਰਸਕਾਰ, ਵੂਲਫ ਪੁਰਸਕਾਰ, ਪਦਮ ਸ਼੍ਰੀ, ਸਵਾਮੀਨਾਥਨ ਅਤੇ ਗੋਲਡਨ ਸਿਕਲ ਅਵਾਰਡ, ਮਹਾਬੀਰ ਵਿਗਿਆਨ ਪੁਰਸਕਾਰ, ਡਾ. ਪਾਲ ਮੈਮੋਰੀਅਲ ਅਤੇ ਡਾ. ਕੇ. ਰਾਮੀਆ ਮੈਮੋਰੀਅਲ ਅਵਾਰਡ ਮਿਲੇ। ਡਾ. ਖੁਸ਼ ਨੂੰ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ; ਭਾਰਤੀ ਵਿਗਿਆਨ ਅਕੈਡਮੀ; ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼; ਥਰਡ ਵਰਲਡ ਅਕੈਡਮੀ ਆਫ਼ ਸਾਇੰਸਜ਼; U.S. ਨੈਸ਼ਨਲ ਅਕੈਡਮੀ ਆਫ਼ ਸਾਇੰਸਜ਼; ਲੰਡਨ ਦੀ ਰਾਇਲ ਸੁਸਾਇਟੀ, ਰਸ਼ੀਅਨ ਅਕੈਡਮੀ ਆਫ਼ ਐਗਰੀਕਲਚਰ; ਚੀਨੀ ਵਿਗਿਆਨ ਅਕੈਡਮੀ ਵਿਚ ਚੁਣਿਆਂ ਗਿਆ।

***(ਡਾ. ਕਾਬਲ ਸਿੰਘ, ਐਡਮਿੰਟਨ, ਕੈਨੇਡਾ)***

## ਵਿਸ਼ਵ ਇਤਿਹਾਸ ਦੀ ਮਹਾਨ ਸ਼ਖਸੀਅਤ – ਮਾਤਾ ਗੁਜਰੀ ਜੀ

ਸਰਦਾਰਨੀ ਅਮ੍ਰਿਤਪਾਲ ਕੌਰ, ਜਲੰਧਰ (ਪੰਜਾਬ)

ਅਮਰ ਸ਼ਹੀਦ ਮਾਤਾ ਗੁਜਰੀ ਜੀ ਸੇਵਾ, ਸਿਮਰਨ, ਸਹਿਣਸ਼ੀਲਤਾ, ਦਲੇਰੀ ਅਤੇ ਸਹਿਜ ਦੇ ਪੁੰਜ ਸਨ। ਮਾਤਾ ਗੁਜਰੀ ਜੀ ਧਾਰਮਿਕ ਵਿਚਾਰਾਂ ਵਾਲੇ ਮਾਤਾ ਬਿਸ਼ਨ ਕੌਰ ਅਤੇ ਪਿਤਾ ਲਾਲ ਚੰਦ ਦੀ ਸਪੁੱਤਰੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਤਿਕਾਰਯੋਗ ਮਹਿਲ, ਭਾਵ ਧਰਮ ਸੁਪਤਨੀ ਅਤੇ ਸਾਹਿਬ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਸਨ।

ਸਨ 1624 ਈਸਵੀ ਵਿੱਚ ਸੁਹੱਪਣ ਨਾਲ ਭਰਪੂਰ ਬੇਟੀ ਨੇ ਪਿੰਡ ਲਖਨੌਰ ਜਿਲ੍ਹਾ ਅੰਬਾਲਾ ਵਿਖੇ ਜਨਮ ਲਿਆ। ਮਾਤਾ ਗੁਜਰੀ ਜੀ ਆਪਣੇ ਮਾਤਾ ਪਿਤਾ ਦੀ ਵਿਚਕਾਰਲੀ ਸੰਤਾਨ ਸਨ। ਮਾਤਾ ਜੀ ਦੇ ਦੋ ਭਰਾ ਸਨ । ਵੱਡੇ ਭਰਾ ਸਨ ਭਾਈ ਮਿਹਰ ਚੰਦ ਜੀ, ਵਿਚਕਾਰ ਮਾਤਾ ਗੁਜਰੀ ਜੀ ਅਤੇ ਇੰਨ੍ਹਾਂ ਤੋਂ ਛੋਟੇ ਭਾਈ ਕਿਰਪਾਲ ਚੰਦ ਜੀ ਸਨ। ਸਨ 1634 ਈਸਵੀ ਵਿੱਚ ਮਾਤਾ ਗੁਜਰੀ ਜੀ ਦਾ ਆਨੰਦ ਕਾਰਜ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸੱਭ ਤੋਂ ਛੋਟੇ ਸਪੁੱਤਰ ਬਾਬਾ ਤੇਗ ਬਹਾਦਰ ਜੀ ਨਾਲ ਹੋਇਆ।

ਸਨ 1634 ਈਸਵੀ ਵਿੱਚ ਕਰਤਾਰਪੁਰ (ਜਲੰਧਰ) ਵਿਖੇ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਜੀ ਅਤੇ ਪੈਂਦੇ ਖਾਨ ਵਿਚਕਾਰ ਯੁੱਧ ਹੋਇਆ। ਇਹ ਸਾਰਾ ਯੁੱਧ ਮਾਤਾ ਗੁਜਰੀ ਜੀ ਨੇ ਅੱਖੀਂ ਡਿੱਠਾ। ਆਪਣੇ ਪਤੀ ਨੂੰ ਜੰਗ ਵਿੱਚ ਤੇਗ ਦੇ ਜੌਹਰ ਵਿਖਾਉਂਦਿਆਂ ਵੇਖ ਕੇ ਮਾਤਾ ਗੁਜਰੀ ਜੀ ਦੇ ਮਨ ਉੱਤੇ ਜੋ ਵਾਪਰ ਰਹੀ ਹੋਵੇਗੀ, ਇਸ ਦਾ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਪਰੰਤੂ ਗੁਰੂ ਜੀ ਨੇ ਮੈਦਾਨੇ-ਜੰਗ ਵਿੱਚ ਜਿੱਤ ਅਤੇ ਤਿਆਗ ਮੱਲ ਤੋਂ ਤੇਗ ਬਹਾਦਰ ਦਾ ਵਰਦਾਨ ਪ੍ਰਾਪਤ ਕੀਤਾ।



ਇਸ ਉਪਰੰਤ ਜੋ ਖੁਸ਼ੀ ਮਾਤਾ ਗੁਜਰੀ ਜੀ ਨੂੰ ਹੋਈ ਹੋਵੇਗੀ ਉਸ ਦਾ ਅੰਦਾਜ਼ਾ ਲਾਉਣਾ ਸੌਖਾ ਨਹੀਂ। ਮਾਤਾ ਗੁਜਰੀ ਜੀ ਦੇ ਜੀਵਨ ਵਿੱਚ ਇਹ ਪਹਿਲਾ ਐਸਾ ਕਠਿਨ ਅਨੁਭਵ ਸੀ ਜਿਸ ਨੂੰ ਆਪ ਜੀ ਨੇ ਪੂਰੀ ਸਿਦਕ-ਦਿਲੀ, ਦਲੇਰੀ ਅਤੇ ਅਡੋਲਤਾ ਨਾਲ ਝੱਲਿਆ। ਛੇਵੇਂ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰਤਾ ਗੱਦੀ ਬਾਬਾ ਗੁਰਦਿੱਤਾ ਜੀ ਦੇ ਬੇਟੇ ਸ੍ਰੀ ਹਰਿ ਰਾਇ ਜੀਓ ਨੂੰ ਸੌਂਪ ਦਿੱਤੀ ਗਈ। ਗੁਰੂ ਪਿਤਾ ਜੀ ਦੇ ਹੁਕਮ ਨਾਲ ਮਾਤਾ ਗੁਜਰੀ ਜੀ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਮਾਤਾ ਨਾਨਕੀ ਜੀ ਨੌਵੇਂ ਪਾਤਸ਼ਾਹ ਦੇ ਨਾਨਕੇ ਪਿੰਡ ਬਕਾਲੇ ਆ ਬਿਰਾਜੇ। ਹਜ਼ੂਰ ਸੱਚੇ ਪਾਤਸ਼ਾਹ ਇਬਾਦਤ ਕਰਦੇ ਹਨ, ਮਾਤਾ ਜੀ ਬਾਹਰ ਭੋਰੇ ਦੇ ਬੈਠੇ ਰਹਿੰਦੇ। ਬੰਦਗੀ ਦੀ ਗੱਲ ਕਰਦਿਆਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਫ਼ਰਮਾਉਂਦੇ ਹਨ :

ਤਾਤ ਮਾਤ ਮੁਰ ਅਲਖ ਅਰਾਧਾ ॥<br>
ਬਹੁ ਬਿਧਿ ਜੋਗ ਸਾਧਨਾ ਸਾਧਾ॥

(ਪਾਤਸ਼ਾਹੀ 10)

ਮਾਤਾ ਗੁਜਰੀ ਜੀ ਹਮੇਸ਼ਾਂ ਹੀ ਸੰਜਮ, ਸਬਰ ਅਤੇ ਸ਼ਾਂਤ ਸੁਭਾਅ ਵਿੱਚ ਰਹਿੰਦਿਆਂ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਮਾਤਾ ਨਾਨਕੀ ਜੀ ਦੀ ਇੱਕ ਮਨ, ਇੱਕ ਚਿੱਤ ਹੋ ਕੇ ਸੇਵਾ ਕਰਦੇ ਰਹੇ। ਸੱਸ ਅਤੇ ਨੂੰਹ ਦਾ ਉਹ ਵਰਤਾਰਾ ਅਜੋਕੇ ਸਮੇਂ ਦੀਆਂ ਸੁਆਣੀਆਂ ਲਈ ਪ੍ਰੇਰਨਾਦਾਇਕ ਹੈ।

ਮਹਾਨ ਸੇਵਕ ਭਾਈ ਮੱਖਣ ਸ਼ਾਹ ਲੁਬਾਣੇ ਜੀ ਵੱਲੋਂ

"ਸੱਚਾ ਗੁਰੁ ਲਾਧੋ ਰੇ"

ਆਖ ਕੇ ਗੁਰੂ ਪ੍ਰਗਟ ਕਰਨ ਉਪਰੰਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਿੱਖਾਂ ਦੇ ਨੌਵੇਂ ਗੁਰੂ ਸਥਾਪਤ ਹੋਏ। ਸ਼ੀਹੇਂ ਮਸੰਦ ਨੇ ਗੁਰੂ ਸਾਹਿਬ ਉੱਤੇ ਗੋਲੀ ਚਲਾ ਦਿੱਤੀ ਜੋ ਗੁਰੂ ਸਾਹਿਬ ਦੇ ਮੱਥੇ ਨੂੰ ਛੂੰਹਦੀ ਹੋਈ ਲੰਘ ਗਈ। ਇਸ ਸਾਰੇ ਤਣਾਅ ਪੂਰਨ ਮਾਹੌਲ ਵਿੱਚ ਜਿਸ ਮਾਨਸਿਕ ਸੰਤੁਲਨ, ਧੀਰਜ, ਹੌਂਸਲੇ ਅਤੇ ਦਲੇਰੀ ਨਾਲ ਮਾਤਾ ਗੁਜਰੀ ਜੀ ਨੇ ਗੁਰੂ ਜੀ ਦਾ ਸਾਥ ਦਿੱਤਾ ਉਹ ਆਪਣੇ ਵਿੱਚ ਹੀ ਇੱਕ ਮਿਸਾਲ ਹੈ। ਮਾਤਾ ਗੁਜਰੀ ਜੀ ਜੀ ਵੱਲੋਂ ਦਿਖਾਇਆ ਸਾਹਸ, ਸਬਰ, ਸੰਤੋਖ, ਦਲੇਰੀ ਅਤੇ ਸਹਿਜ ਇਸਤਰੀ ਸਮਾਜ ਲਈ ਰਾਹ ਦਸੇਰਾ ਹੈ। ਗੁਰਵਾਕ ਹੈ :

ਧੰਨ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥
ਜਨ ਨਾਨਕ ਸੁਖੇ ਸੁਖਿ ਵਿਹਾਇ॥

ਮਾਤਾ ਜੀ ਨੇ ਮਾਖੋਵਾਲ ਵਿਚ ਚੱਕ ਨਾਨਕੀ ਵੱਸਦਾ ਵੇਖਿਆ, ਹਜ਼ੂਰ ਦੇ ਸੀਸ ਉੱਪਰ ਚਉਰ ਝੂਲਦਾ ਵੇਖਿਆ, ਅਨੰਦਪੁਰ ਘੁੱਗ ਵੱਸਦਾ ਵੇਖਿਆ। ਹਰ ਔਰਤ ਨੂੰ ਮਾਂ ਬਣਨ ਦੀ ਰੀਝ ਹੁੰਦੀ ਹੈ। ਮਾਤਾ ਗੁਜਰੀ ਜੀ ਦੀ ਉਮਰ 40 ਸਾਲ ਤੋਂ ਵੱਧ ਸੀ ਜਦੋਂ ਉਨ੍ਹਾਂ ਦੇ ਘਰ ਪਟਨਾ ਸ਼ਹਿਰ ਵਿਖੇ ਗੋਬਿੰਦ ਰਾਇ ਜੀ ਦਾ ਪ੍ਰਕਾਸ਼ ਹੋਇਆ।

ਗੁਰੂ ਤੇਗ ਬਹਾਦੁਰ ਸਾਹਿਬ ਜੀ ਉਸ ਵੇਲੇ ਪਟਨੇ ਵਿਚ ਨਹੀਂ ਸਨ, ਪਰਚਾਰਕ ਦੌਰੇ ਤੇ ਢਾਕੇ ਵੱਲ ਗਏ ਹੋਏ ਸਨ। ਮਾਤਾ ਗੁਜਰੀ ਜੀ ਨੇ ਆਪਣੀ ਸੱਸ ਮਾਤਾ ਨਾਨਕੀ ਜੀ ਅਤੇ ਵੀਰ ਕਿਰਪਾਲ ਚੰਦ ਜੀ ਦੀ ਦੇਖ ਰੇਖ ਹੇਠ ਇੱਥੇ ਕਾਫ਼ੀ ਸਮਾਂ ਠਹਿਰੇ ਅਤੇ ਬਾਲ ਗੋਬਿੰਦ ਰਾਇ ਜੀ ਦੀ ਹਰ ਪ੍ਰਕਾਰ ਸਹੀ ਢੰਗ ਨਾਲ ਪਾਲਣਾ, ਸਿੱਖਿਆ ਅਤੇ ਸੁਰੱਖਿਆ ਦਾ ਧਿਆਨ ਰੱਖਿਆ।

ਗੁਰੂ ਜੀ ਬੰਗਾਲ ਅਤੇ ਅਸਾਮ ਦੀ ਧਰਮ ਫੇਰੀ ਤੋਂ ਵਾਪਸ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਅਤੇ ਇਥੇ ਹੀ ਸਾਰਾ ਪਰਿਵਾਰ ਅਤੇ ਬਾਕੀ ਸਿੱਖਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਸੱਦ ਲਿਆ। ਗੁਰੂ ਜੀ ਦੇ ਆਦੇਸ਼ ਅਨੁਸਾਰ ਮਾਤਾ ਜੀ ਲਖਨੌਰ ਪੁੱਜੇ। ਜਿੱਥੇ ਮਾਤਾ ਜੀ ਨੇ ਖੂਹ ਲਗਵਾਇਆ। ਅੱਜ ਮਾਤਾ ਜੀ ਅਤੇ ਬਾਲ ਗੋਬਿੰਦ ਰਾਏ ਜੀ ਦੀ ਯਾਦ ਵਿੱਚ ਸ਼ਾਨਦਾਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਮਾਤਾ ਜੀ ਨੇ ਬਾਲ ਗੋਬਿੰਦ ਰਾਏ ਜੀ ਦੀ ਸੁਰੱਖਿਆ, ਪਾਲਣ ਪੋਸ਼ਣ ਅਤੇ ਅਨੇਕ ਪ੍ਰਕਾਰੀ ਸਿੱਖਿਆ ਦਾ ਪੂਰਾ ਧਿਆਨ ਰੱਖਿਆ।

ਮਾਤਾ ਗੁਜਰੀ ਜੀ ਬੜੇ ਬਹਾਦੁਰ, ਅਤੀ ਸੂਝਵਾਨ, ਸਿਦਕਵਾਨ ਅਤੇ ਸੰਵੇਦਨਸ਼ੀਲ ਸਨ। ਉਹਨਾਂ ਨੇ ਆਪਣੇ ਸਪੁੱਤਰ ਸਾਹਿਬ ਸੀ ਗੁਰੂ ਗੋਬਿੰਦ ਸਿੰਘ ਜੀ ਨੂੰ ਧਾਰਮਿਕ ਵਿੱਦਿਆ ਦੇ ਨਾਲ ਨਾਲ ਗੁਰਮੁੱਖੀ, ਸੰਸਕ੍ਰਿਤ, ਫਾਰਸੀ, ਘੋੜ-ਸਵਾਰੀ, ਸ਼ਸਤਰ ਵਿੱਦਿਆ ਅਤੇ ਯੁੱਧ ਵਿੱਦਿਆ ਦਿਵਾਈ। ਮਾਤਾ ਗੁਜਰੀ ਜੀ ਦੇ ਇਸ ਮਹਾਨ ਯੋਗਦਾਨ ਦਾ ਨਤੀਜਾ ਇਹ ਸੀ ਕਿ ਸਮਾਂ ਆਉਣ ਉੱਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਦੇ ਸਾਹਮਣੇ ਇੱਕ ਸ਼ਾਨਦਾਰ, ਨਿਰਾਲਾ ਅਤੇ ਗੌਰਵਮਈ ਇਤਿਹਾਸ ਲਿਖਿਆ ਅਤੇ ਦੁਨੀਆਂ ਤੋਂ ਵਿਲੱਖਣ ਖਾਲਸਾ ਪੰਥ ਸਿਰਜਿਆ।

ਮਾਤਾ ਜੀ ਨੇ ਇਹ ਵੀ ਵੇਖਿਆ ਕਿ ਕਸ਼ਮੀਰ ਦੇ ਪੰਡਿਤ ਆਕੇ ਫਰਿਆਦ ਕਰਦੇ ਹਨ, ਜਿੱਥੇ ਕਿ ਭੋਰਾ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਸੁਸ਼ੋਭਿਤ ਹੈ। ਜਦੋਂ ਪਤੀ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦੀ ਦੇਣ ਲਈ ਦਿੱਲੀ ਚਾਲੇ ਪਾਉਂਦੇ ਹਨ, ਮਾਤਾ ਜੀ ਨੂੰ ਪਤਾ ਹੈ ਕਿ ਉਹਨਾਂ ਵਾਪਸ ਨਹੀਂ ਆਉਣਾ, ਫਿਰ ਵੀ ਮਾਤਾ ਜੀ ਆਪ ਵਿਦਿਆ ਕਰਨ ਗਏ। ਸ਼ਾਇਦ ਹੀ ਕਿਸੇ ਹੋਰ ਔਰਤ ਵਿੱਚ ਇੰਨਾਂ ਵੱਡਾ ਹੌਸਲਾ ਹੋਵੇ ਕਿ ਉਹ ਸਹਿਜ ਅਵਸਥਾ ਵਿੱਚ ਅਡੋਲ ਵਿਚਰ ਸਕੀ ਹੋਵੇ।

ਧੰਨ ਸੀ ਮਾਤਾ ਗੁਜਰੀ ਜੀ ਜਿਨ੍ਹਾਂ ਨੇ ਇਸ ਵਿਛੋੜੇ ਨੂੰ ਝੱਲਿਆ ਹੀ ਨਹੀਂ, ਸਗੋਂ ਗੁਰੂ ਜੀ ਦੀ ਗੈਰ ਹਾਜ਼ਰੀ ਵਿੱਚ ਗੁਰੂ ਪਰਿਵਾਰ ਅਤੇ ਗੁਰੂ ਘਰ ਦੀਆਂ ਜਿੰਮੇਵਾਰੀਆਂ ਬਾਖੂਬੀ ਨਿਭਾਈਆਂ ਅਤੇ ਬਾਲ ਗੋਬਿੰਦ ਰਾਏ ਜੀ ਨੂੰ ਭਵਿੱਖ ਦੇ ਹਾਲਾਤ ਦਾ ਦ੍ਰਿੜ ਸੰਕਲਪ ਕਰਾ ਕੇ, ਟਾਕਰਾ ਕਰਨ ਯੋਗ ਬਨਾਉਣ ਹਿੱਤ ਆਪਣੀ ਦੂਰ ਦ੍ਰਿਸ਼ਟੀ ਅਤੇ ਗਹਿਰ ਗੰਭੀਰ ਸੂਝ ਨਾਲ ਹਰ ਪਖੋਂ ਤਿਆਰ ਬਰਤਿਆਰ ਕੀਤਾ।

11 ਨਵੰਬਰ 1675 ਈ. ਨੂੰ ਗੁਰੂ ਸਾਹਿਬ ਦੀ ਸ਼ਹੀਦੀ ਉਪਰੰਤ ਮਾਤਾ ਜੀ ਨੇ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਿਆਂ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਗੁਰੂ ਜੀ ਦੇ ਸੀਸ ਨੂੰ ਪ੍ਰਾਪਤ ਕੀਤਾ। ਸ਼ਾਇਦ ਹੀ ਦੁਨੀਆਂ ਦੀ ਕਿਸੇ ਹੋਰ ਔਰਤ ਨੂੰ ਅਜਿਹਾ ਭਿਆਨਕ ਸਦਮਾ ਝੱਲਣਾ ਪਿਆ ਹੋਵੇ। ਪੂਰੀ ਗੁਰ ਮਰਯਾਦਾ ਨਾਲ ਗੁਰੂ ਸਾਹਿਬ ਜੀ ਦੇ ਪਵਿੱਤਰ ਸੀਸ ਦਾ ਸਸਕਾਰ ਕੀਤਾ। ਸਨ 1699 ਈ: ਦੀ ਵੈਸਾਖੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਦੀ ਸਾਜਨਾ ਕਰਨ ਦੇ ਮਹਾਨ ਅਤੇ ਅਲੌਕਿਕ ਕਾਰਜ ਵਿੱਚ ਮਾਤਾ ਜੀ ਦਾ ਅਹਿਮ ਯੋਗਦਾਨ ਸੀ।


ਮਾਤਾ ਗੁਜਰੀ ਜੀ ਨੇ ਆਪਣੇ ਪੋਤਰਿਆਂ ਨੂੰ ਵੀ ਆਪਣੇ ਸਪੁੱਤਰ ਦੀ ਤਰ੍ਹਾਂ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਯੋਗ ਬਣਾਇਆ। ਸ੍ਰੀ ਅਨੰਦਗੜ੍ਹ ਕਿਲ੍ਹੇ ਅੰਦਰ ਅਨੇਕ ਪ੍ਰਕਾਰੀ ਤੰਗੀਆਂ ਤੁਰਸ਼ੀਆਂ ਦਾ ਸਮਾਂ, ਛੋਟੇ ਬਾਲਾਂ ਦੀ ਸਾਂਭ ਸੰਭਾਲ ਅਤੇ ਸਿੰਘਾਂ ਦੇ ਹੌਂਸਲੇ ਬੁਲੰਦ ਰੱਖਣ ਵਿੱਚ ਮਾਤਾ ਜੀ ਨੇ ਇਕ ਬਹੁਤ ਵੱਡੀ ਭੂਮਿਕਾ ਨਿਭਾਈ।

ਪਰਿਵਾਰ ਵਿਛੋੜੇ ਵੇਲੇ ਛੋਟੇ ਸਾਹਿਬਜ਼ਾਦੇ ਮਾਤਾ ਜੀ ਦੇ ਨਾਲ ਸਨ। ਪੋਹ ਦੇ ਮਹੀਨੇ ਦੀ ਕਾਲੀ ਠੰਡੀ ਰਾਤ ਨੂੰ ਇਕੱਲੇ ਤੁਰੇ ਜਾ ਰਹੇ ਸਨ। ਉਨ੍ਹਾਂ ਦਾ ਸਿਦਕ ਅਤੇ ਆਤਮ ਵਿਸ਼ਵਾਸ ਬਿੱਲਕੁਲ ਅਹਿੱਲ ਅਤੇ ਅਡਿੱਗ ਹੈ। ਵਜੀਰ ਖਾਨ ਨੇ ਤਿੰਨਾਂ ਨੂੰ ਹੀ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ। ਬੱਚਿਆਂ ਨੂੰ ਵਾਰ ਵਾਰ ਸਮਝਾਇਆ ਕਿ ਉਹ ਕਿਸ ਦੇ ਪੁੱਤਰ ਅਤੇ ਕਿਸਦੇ ਪੋਤਰੇ ਹਨ। ਜਦੋਂ ਮਾਤਾ ਜੀ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲੱਗਾ, ਓਹ ਸਮਾਧੀ ਲੀਨ ਹੋ ਗਏ ਅਤੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।

ਮਾਤਾ ਗੁਜਰੀ ਜੀ ਨੇ ਇੱਕ ਅਚੰਭਿਤ ਅਤੇ ਅਸਚਰਜ ਕਰਨ ਵਾਲਾ ਲਾਸਾਨੀ ਇਤਿਹਾਸ ਸਿਰਜ ਕੇ ਭਾਰਤ ਦੀ ਪਹਿਲੀ ਅਤੇ ਸਭ ਤੋਂ ਮਹਾਨ "ਸ਼ਹੀਦ ਇਸਤਰੀ" ਹੋਣ ਦਾ ਮਾਣ ਪ੍ਰਾਪਤ ਕੀਤਾ। ਮਾਤਾ ਗੁਜਰੀ ਜੀ ਦੀ ਸੰਸਾਰ ਨੂੰ ਮਹਾਨ ਦੇਣ ਸੀ। ਓਹ ਸੰਸਾਰ ਸਾਹਮਣੇ ਇੱਕ ਵਿਲੱਖਣ ਅਤੇ ਅਜ਼ੀਮ ਮਾਤਾ ਹੋ ਨਿਬੜੇ। ਮਾਤਾ ਗੁਜਰੀ ਜੀ ਦਾ ਇਹ ਯੋਗਦਾਨ ਆਉਣ ਵਾਲੇ ਹਰ ਸਮੇਂ ਦੀਆਂ ਮਾਤਾਵਾਂ ਲਈ ਇੱਕ ਰੌਸ਼ਨ ਮੀਨਾਰ ਹੈ, ਪ੍ਰੇਰਨਾਦਾਇਕ ਹੈ।



ਈ-ਦੀਵਾਨ ਸੁਸਾਇਟੀ (ਕੈਲਗਰੀ)
ਵੱਲੋਂ
ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ
ਸਮਰਪਿਤ
ਇੰਟਰਨੈਸ਼ਨਲ ਕਵੀ ਦਰਬਾਰ
ਡਾ·ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਸ·ਜੰਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸੁਜਾਨ ਸਿੰਘ ਸੁਜਾਨ ਟੋਰੰਟੋ
ਕੋ-ਹੋਸਟ
ਮਿਤੀ 14 ਦਸੰਬਰ
ਸ਼ਨੀਵਾਰ
9 AM ਕੈਲਗਰੀ
ਸਮਾਂ
9:30 PM ਇੰਡੀਆ
8 AM ਬੀ ਸੀ ਤੇ ਯੂ ਐਸ ਏ
11 AM ਟੋਰੰਟੋ
Zoom I'd
98294816545
ਪਹੁੰਚ ਰਹੇ ਕਵੀ ਸਾਹਿਬਾਨ
ਅਮਨਪ੍ਰੀਤ ਸਿੰਘ ਦੁਲੱਟ
ਕੈਲਗਰੀ
ਐਡਵੋਕੇਟ ਸ਼ੁਕਰਗੁਜ਼ਾਰ ਸਿੰਘ
ਅੰਮ੍ਰਿਤਸਰ
ਪ੍ਰੋ·ਕੁਲਦੀਪ ਸਿੰਘ ਚਾਨੇ
ਕੈਲਗਰੀ
ਪਲਵਿੰਦਰ ਸਿੰਘ ਰੰਧਾਵਾ
ਸਰੀ ਬੀ ਸੀ
ਅਵਤਾਰ ਸਿੰਘ ਆਦਪਰੀ
ਸਿਆਟਲ
ਪਰਮਿੰਦਰ ਸਿੰਘ ਅਲਬੇਲਾ
ਲੁਧਿਆਣਾ
ਪਿਆਰਾ ਸਿੰਘ ਕੁੱਦੋਵਾਲ
ਟੋਰੰਟੋ
ਪਰਨੀਤ ਕੌਰ ਸਿਮਰਲੀਨ ਕੌਰ
ਟੋਰੰਟੋ
ਲੈਕਚਰਾਰ ਦਲਜੀਤ ਕੌਰ
ਲੁਧਿਆਣਾ
ਹਰਪ੍ਰੀਤ ਕੌਰ ਰੇਨੂੰ
ਰਾਮਪੁਰਾ ਫੂਲ ਬਠਿੰਡਾ
ਉਡੀਕਵਾਨ: ਈ ਦੀਵਾਨ ਸੁਸਾਇਟੀ ਕੈਲਗਰੀ ਦੀ ਸਮੂਹ ਸੰਗਤ


Dr. Balraj Singh
S. Sujan Singh Sujan
Gurdish kaur grewal
Harpreet kaur renu
S
Parneet Kaur Simarleen Kaur
Avtar Singh Adampuri
Amitoj Kaur
Amitoj Kaur
Aman dulat
Aman dulat
Prof. Surjit Singh Bhatti
Dr. Kabal Singh
Brijminder
Brijminder
Kuldeep Singh C...
Kuldeep Singh CHANNAY
harminder singh
Navneet kaur
Piara S Kudowal
Palwinder Randhawa
Daljit kaur
Samsung SM-M...
Samsung SM-M215F
Birinder/Tajinder Madan
Mrs. Narinder K...
Mrs. Narinder Kaur
Navdeep S channay
Mohinder Kaur
Mohinder Kaur
Jasbir Gill
Jasbir Gill
iPhone
iPhone

## ਈ ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਸਫਰ-ਏ-ਸ਼ਹਾਦਤ ਨੂੰ ਸਮਰਪਿਤ ਕਵੀ ਦਰਬਾਰ

ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ, ਇੱਕ ਆਨਲਾਈਨ ਕਵੀ ਦਰਬਾਰ 14 ਦਸੰਬਰ ਨੂੰ ਆਯੋਜਿਤ ਕੀਤਾ ਗਿਆ, ਜਿਸ ਵਿੱਚ ਕਈ ਦੇਸ਼ਾਂ ਤੋਂ ਕਵੀਆਂ ਨੇ ਭਾਗ ਲਿਆਂ। ਪਹਿਲਾਂ ਸੋਸਾਇਟੀ ਦੇ ਸੰਸਥਾਪਕ ਡਾ. ਰਾਜਾ ਬਲਰਾਜ ਸਿੰਘ ਨੇ ਸਭ ਨੂੰ 'ਜੀ ਆਇਆਂ' ਆਖਦੇ ਹੋਏ ਕਵੀ ਦਰਬਾਰ ਦੇ ਮਕਸਦ ਤੇ ਚਾਨਣਾ ਪਾਇਆ। ਪ੍ਰੋਗਰਾਮ ਦਾ ਆਰੰਭ ਟੋਰੰਟੋ ਤੋਂ ਅਨੁਰੀਤ ਕੌਰ ਅਤੇ ਜੈਪੁਰ ਤੋਂ ਬ੍ਰਿਜਮਿੰਦਰ ਕੌਰ ਦੇ ਗਾਇਨ ਕੀਤੇ ਸ਼ਬਦਾਂ ਨਾਲ ਕੀਤਾ ਗਿਆ। ਫਿਰ ਟੋਰੰਟੋ ਤੋਂ ਸਿਮਰਲੀਨ ਕੌਰ ਅਤੇ ਪਰਮਜੀਤ ਸਿੰਘ ਜੀ ਨੇ ਗੁਰਦੀਸ਼ ਕੌਰ ਗਰੇਵਾਲ ਦਾ ਲਿਖਿਆ ਗੀਤ, 'ਧੰਨ ਮਾਤਾ ਗੁਜਰੀ' ਗਾ ਕੇ ਮਾਹੌਲ ਦੀ ਸਿਰਜਣਾ ਕੀਤੀ।

ਰਾਮਪੁਰਾ ਫੂਲ ਬਠਿੰਡਾ ਤੋਂ ਹਰਪ੍ਰੀਤ ਕੌਰ ਰੇਨੂੰ ਨੇ 'ਵਾਟਾਂ ਲੰਮੀਆਂ ਤੇ ਰਸਤਾ ਪਹਾੜ ਦਾ' ਸੁਰੀਲੀ ਆਵਾਜ਼ ਵਿੱਚ ਗਾ ਕੇ ਸਭ ਨੂੰ ਭਾਵੁਕ ਕਰ ਦਿੱਤਾ। ਜੰਡਿਆਲਾ ਗੁਰੂ ਅੰਮ੍ਰਿਤਸਰ ਤੋਂ ਪੰਥਕ ਸ਼ਾਇਰ ਸ਼ੁਕਰਗੁਜ਼ਾਰ ਸਿੰਘ ਨੇ ਮਾਤਾ ਗੁਜਰੀ ਜੀ ਤੇ ਲਿਖੀ ਰਚਨਾ 'ਸ਼ਬਦਾਂ ਚ ਹੁੰਦੀ ਬਿਆਨ ਨਾ ਗੁਜਰੀ' ਬੁਲੰਦ ਆਵਾਜ਼ ਵਿੱਚ ਸਾਂਝੀ ਕੀਤੀ। ਦਲਜੀਤ ਕੌਰ ਲੁਧਿਆਣਾ ਨੇ ਗੁਰਦੀਸ਼ ਕੌਰ ਦਾ ਗੀਤ, 'ਅਸੀਂ ਕਰਨੀ ਨਾ ਈਨ ਪ੍ਰਵਾਨ ਸੂਬਿਆ' ਅਤੇ ਇਸੇ ਸ਼ਹਿਰ ਦੇ ਪਰਮਿੰਦਰ ਸਿੰਘ ਅਲਬੇਲਾ ਨੇ ਗੀਤ, 'ਛੋਟੇ ਲਾਲਾਂ ਦੀ ਕਹਾਣੀ-ਔਖੀ ਸੁਣਨੀ ਸੁਨਾਣੀ' ਸੁਣਾ ਕੇ ਛੋਟੇ ਸਾਹਿਬਜ਼ਾਦਿਆਂ ਨੂੰ ਸਿਜਦਾ ਕੀਤਾ। ਟੋਰੰਟੋ ਤੋਂ ਨਾਮਵਰ ਸ਼ਾਇਰ ਪਿਆਰਾ ਸਿੰਘ ਕੁਦੋਵਾਲ ਨੇ, 'ਅਸੀਂ ਮੁੜ ਨਹੀਂਉਂ ਅਨੰਦਪੁਰ ਆਉਣਾ, ਨੀ ਆਨੰਦਪੁਰੀਏ' ਰਚਨਾ ਰਾਹੀਂ ਸਾਹਿਬਜ਼ਾਦਾ ਅਜੀਤ ਸਿੰਘ ਦੀ ਮਨੋਦਸ਼ਾ ਨੂੰ ਬਿਆਨ ਕੀਤਾ।

ਸਿਆਟਲ ਤੋਂ ਅਵਤਾਰ ਸਿੰਘ ਆਦਮਪੁਰੀ ਨੇ, 'ਇਕ ਦੇਣਾ ਔਖਾ ਦਾਤਾ ਵਾਰ ਗਇਉਂ ਜੋੜੀਆਂ' ਗੀਤ ਗਾ ਕੇ ਸੁਣਾਇਆ। ਕੈਲਗਰੀ ਦੇ ਸ਼ਾਇਰ ਅਮਨਪ੍ਰੀਤ ਸਿੰਘ ਦੁਲੱਟ ਨੇ ਸਫਰ-ਏ-ਸ਼ਹਾਦਤ ਤੇ ਕਵਿਤਾ ਸਾਂਝੀ ਕੀਤੀ। ਪ੍ਰੋ. ਕੁਲਦੀਪ ਸਿੰਘ ਚਾਨੇ ਕੈਲਗਰੀ ਨੇ ਆਪਣੀ ਲਿਖੀ ਗਜ਼ਲ ਰਾਹੀਂ ਮਾਣਮੱਤੇ ਸਿੱਖ ਇਤਿਹਾਸ ਦੀ ਬਾਤ ਪਾਈ। ਸਰੀ ਬੀ. ਸੀ. ਦੇ ਪਲਵਿੰਦਰ ਸਿੰਘ ਰੰਧਾਵਾ ਨੇ ਆਪਣੇ ਗੀਤ ਰਾਹੀਂ ਸਾਹਿਬਜ਼ਾਦਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਗੁਰਦੀਸ਼ ਕੌਰ ਨੇ ਆਪਣੀ ਗਜ਼ਲ ਦੇ ਚੰਦ ਸ਼ਿਅਰ ਸੁਣਾ ਕੇ ਮਾਤਾ ਗੁਜਰੀ ਜੀ ਦੀ ਕੁਰਬਾਨੀ ਨੂੰ ਯਾਦ ਕੀਤਾ। ਟੋਰੰਟੋ ਤੋਂ ਉਸਤਾਦ ਸ਼ਾਇਰ ਸੁਜਾਨ ਸਿੰਘ ਸੁਜਾਨ ਨੇ ਆਪਣੇ ਸ਼ਿਅਰ ਸੁਣਾ ਕੇ ਲਾਸਾਨੀ ਸ਼ਹਾਦਤਾਂ ਨੂੰ ਪ੍ਰਣਾਮ ਕੀਤਾ। ਹਰਮਿੰਦਰ ਪਾਲ ਸਿੰਘ ਨੇ ਚਰਨ ਸਿੰਘ ਸਫਰੀ ਦਾ ਮਾਤਾ ਗੁਜਰੀ ਜੀ ਤੇ ਲਿਖਿਆ ਇਕ ਸ਼ਿਅਰ ਗਾ ਕੇ ਸਾਂਝਾ ਕੀਤਾ। ਜੈਕਾਰਿਆਂ ਨਾਲ ਕਵੀ ਦਰਬਾਰ ਸਮਾਪਤ ਹੋਇਆ।

ਮੰਚ ਸੰਚਾਲਨ ਗੁਰਦੀਸ਼ ਕੌਰ ਗਰੇਵਾਲ ਅਤੇ ਸੁਜਾਨ ਸਿੰਘ ਸੁਜਾਨ ਨੇ ਰਲ਼ ਕੇ ਕੀਤਾ। ਡਾ. ਸੁਰਜੀਤ ਸਿੰਘ ਭੱਟੀ ਨੇ ਕਵੀਆਂ ਦਾ ਧੰਨਵਾਦ ਕੀਤਾ ਅਤੇ ਸੋਸਾਇਟੀ ਦੇ ਮੈਗਜ਼ੀਨ "ਸਾਂਝੀ ਵਿਰਾਸਤ" ਲਈ ਅਤੇ ਵਿਨੀਪੈਗ ਤੋਂ 'ਨਵ ਸਵੇਰ' ਪੇਪਰ ਦੀ ਸੰਪਾਦਕ ਨਵਨੀਤ ਕੌਰ ਨੇ ਆਪਣੇ ਪੇਪਰ ਲਈ ਵੀ ਰਚਨਾਵਾਂ ਭੇਜਣ ਦੀ ਸਭ ਨੂੰ ਬੇਨਤੀ ਕੀਤੀ। ਸਮਾਗਮ ਦੀ ਸਮਾਪਤੀ ਤੇ ਅਨੰਦ ਸਾਹਿਬ, ਅਰਦਾਸ ਅਤੇ ਹੁਕਮਨਾਮੇ ਦੀ ਸੇਵਾ, ਡਾ. ਰਾਜਾ ਬਲਰਾਜ ਸਿੰਘ ਨੇ ਨਿਭਾਈ।

ਰਿਪੋਰਟ : ਗੁਰਦੀਸ਼ ਕੌਰ ਗਰੇਵਾਲ, ਕੈਲਗਰੀ
ਸੰਪਰਕ : +1 403 404 1450

# ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ

## Information about Sri Guru granth Sahib

ਪ੍ਰਸ਼ਨ 8. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਜਦੋਂ ਹੋਇਆ ਤਾਂ ਪਹਿਲੇ ਗ੍ਰੰਥੀ ਕੌਣ ਸਨ ?

ਉੱਤਰ:- ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਜਦੋਂ ਹੋਇਆ ਤਾਂ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਸਨ

ਪ੍ਰਸ਼ਨ 9. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਜਦੋਂ ਹੋਇਆ ਤਾਂ ਪਹਿਲਾ ਪਾਵਨ ਮੁੱਖ ਵਾਕ ਕਿਹੜਾ ਆਇਆ ਸੀ ?

ਉੱਤਰ:- ਸੂਹੀ ਮਹਲਾ ੫ ॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥
ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥
ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥
ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥
ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥
ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥
ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥੨॥
ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥
ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥

ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥
ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥
ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥
ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥੩॥
ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥
ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ ॥
ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥
ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥
ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥
ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥੪॥੭॥੧੦॥

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੜ੍ਹਾਈ ਲਾਹੌਰ ਵਿਚ ਯੂਨੀਵਰਸਿਟੀ ਆਫ ਦੀ ਪੰਜਾਬ ਲਾਹੌਰ (ਪਾਕਿਸਤਾਨ) ਕਰਾਏਗੀ

(ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ, ਕੈਨੇਡਾ)

ਸਿੱਖ ਕੌਮ ਲਈ ਖੁਸ਼ੀ ਅਤੇ ਮਾਣ ਵਾਲੀ ਖਬਰ ਹੈ ਕਿ ਪਾਕਿਸਤਾਨ ਦੇ ਸਭ ਤੋਂ ਵਡੇ ਵਿਦਿਅਕ ਅਦਾਰੇ ਯੂਨੀਵਰਸਿਟੀ ਆਫ਼ ਦੀ ਪੰਜਾਬ, ਲਾਹੌਰ, ਵਿੱਚ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਲੇਬਸ ਵਿੱਚ ਪੜ੍ਹਾਇਆ ਜਾਏਗਾ। ਸਰਦਾਰ ਪ੍ਰਸ਼ਾਂਤ ਸਿੰਘ ਜੀ ਦੇ ਹਵਾਲੇ ਨਾਲ ਲਿਖ ਰਹੇ ਹਾਂ ਜਿਹੜੇ ਇਸ ਯੂਨੀਵਰਸਿਟੀ ਵਿੱਚ ਅਸਿਸਟੈਂਟ ਰਜਿਸਟਰਾਰ ਵਜੋਂ ਸੇਵਾ ਨਿਭਾ ਰਹੇ ਹਨ। ਉਹ ਨਾ ਕੇਵਲ 1947 ਦੀ ਵੰਡ ਪਿੱਛੋ ਸਭ ਤੋਂ ਵਡੇ ਅਦਾਰੇ ਦੇ ਪਹਿਲੇ ਸਿੱਖ ਆਫ਼ੀਸਰ ਹੀ ਹਨ, ਇਸ ਦੇ ਨਾਲ ਨਾਲ ਉਹ ਪਾਕਿਸਤਾਨ ਵਿਚ ਧਾਰਮਿਕ ਵਿਦਿਅਕ ਸਲੇਬਸ ਨਿਰਧਾਰਨ ਕਮੇਟੀ ਦੇ ਮੈਂਬਰ ਵੀ ਹਨ। ਉਨ੍ਹਾਂ ਨੇ ਹੀ ਸ੍ਰੀ ਗੁਰੂ ਗੰਥ ਸਾਹਿਬ ਜੀ ਦਾ ਸਲੇਬਸ ਸਿੱਖ ਵਿਦਿਆਰਥੀਆਂ ਲਈ ਤਿਆਰ ਕੀਤਾ ਹੈ। ਪਾਕਿਸਤਾਨੀ ਪੰਜਾਬ ਦੇ ਵਿਦਿਅਕ ਅਦਾਰਿਆਂ ਵਿਚ ਬੀ.ਐੱਸ.(+2 ਤੋ ਬਾਅਦ 4 ਸਾਲ ਦੀ ਡਿਗਰੀ) ਦੇ ਮੁਸਲਿਮ ਵਿਦਿਆਰਥੀਆਂ ਲਈ ਜਿੱਥੇ ਕੁਰਾਨ ਦੀ ਪੜ੍ਹਾਈ ਜਰੂਰੀ ਹੈ, ਉੱਥੇ ਗੈਰ-ਮੁਸਲਿਮ ਵਿਦਿਆਰਥੀਆਂ ਲਈ ਨੈਤਿਕਤਾ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਗੁਰਮਤਿ ਫਿਲਾਸਫੀ ਪੜ੍ਹਾਈ ਜਾਏਗੀ। ਯੂਨੀਵਰਸਿਟੀ ਦੀ ਵਿਦਿਅਕ ਕੌਂਸਲ ਨੇ ਉਹੀ ਸਲੇਬਸ ਨੂੰ ਪ੍ਰਵਾਨ ਕਰ ਲਿਆ ਹੈ ਜੋ ਸਰਦਾਰ ਪ੍ਰਸ਼ਾਂਤ ਸਿੰਘ ਜੀ ਵਲੋਂ ਤਿਆਰ ਕਰਕੇ ਭੇਜਿਆ ਗਿਆ ਸੀ।



ਯੂਨਿਵਰਸਿਟੀ ਦੇ ਗੈਰ-ਮੁਸਲਿਮ ਵਿਦਿਆਰਥੀਆਂ ਲਈ ਇਹ ਵਡਾ ਕਦਮ ਹੈ, ਜਿਸ ਨਾਲ ਪੰਜਾਬੀ ਭਾਸ਼ਾ ਦਾ ਪ੍ਰਸਾਰ ਹੋਏਗਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਂਝੀਵਾਲਤਾ ਦਾ ਸੰਦੇਸ਼ ਵੀ ਫੈਲੇਗਾ। ਸਰਦਾਰ ਪ੍ਰਸ਼ਾਂਤ ਸਿੰਘ ਜੀ ਪਾਕਿਸਤਾਨ ਸਰਕਾਰ ਦੀ ਮਨਿਸਟਰੀ ਆਫ ਫੈਡਰਲ ਐਜੂਕੇਸ਼ਨ ਐਂਡ ਪ੍ਰੋਫੈਸ਼ਨਲ ਟਰੇਨਿੰਗ ਦੇ ਰਾਸ਼ਟਰੀ ਪਾਠਕ੍ਰਮ ਵਿਚ ਸਿੱਖ ਸਲੇਬਸ ਲਿਖਣ ਵਾਲੇ ਇੱਕਲੇ ਸਿੱਖ ਲੇਖਕ ਹਨ। ਉਹ ਐਥਿਕਸ ਰੀਵੀਊ ਕਮੇਟੀ, ਅਤੇ ਪੰਜਾਬ ਪਾਠਕ੍ਰਮ ਅਤੇ ਟੈਕਸਟ ਬੁੱਕ ਬੋਰਡ ਦੀ ਰੀਵੀਊ ਕਮੇਟੀ ਦੇ ਮੈਂਬਰ ਵੀ ਹਨ। ਸਰਦਾਰ ਪ੍ਰਸ਼ਾਂਤ ਸਿੰਘ ਦੇ ਇਨ੍ਹਾਂ ਯਤਨਾਂ ਨਾਲ ਸਿੱਖ ਕੌਮ ਦਾ ਸਿਰ ਮਾਣ ਨਾਲ ਹੋਰ ਉੱਚਾ ਹੋਇਆ ਹੈ। ਉਨ੍ਹਾਂ ਦੇ ਸੰਪਰਕ ਨੰਬਰ ਇਹ ਹਨ। **Mobile** +92 313 3455343, **E-mail** parshanthaswain@gmial.com

ਬਾਬਾ ਬੁੱਢਾ ਜੀ ਦੀ ਸਾਖੀ - ਗੁਰਬਾਣੀ ਦੇ ਦ੍ਰਿਸ਼ਟੀਕੋਣ ਤੋਂ॥ ਭਾਗ - 2

ਸਰਦਾਰ ਨਿਰਮਲ ਸਿੰਘ, ਵਿਕਟੋਰੀਆ, ਬੀ. ਸੀ. (ਕੈਨੇਡਾ) 250-361-7327

(ਲੜੀ ਜੋੜਨ ਲਈ ਭਾਗ 1 ਪੜੋ ਜੀ)

ਜਿਸ ਸ਼ਬਦ ਵਿਚੋਂ ਕੁੱਝ ਪੰਗਤੀਆਂ ਇਸ ਸਾਖੀ ਨਾਲ ਜੋੜ ਦਿਤੀਆਂ ਜਾਂਦੀਆਂ ਹਨ ਉਹ ਹੈ:

**ਆਸਾ ਮਹਲਾ 5॥**

**ਸਤਿਗੁਰ ਸਾਚੈ ਦੀਆ ਭੇਜਿ॥**
**ਚਿਰੁ ਜੀਵਨੁ ਉਪਜਿਆ ਸੰਜੋਗਿ॥**
**ਉਦਰੈ ਮਾਹਿ ਆਇ ਕੀਆ ਨਿਵਾਸੁ॥**
**ਮਾਤਾ ਕੈ ਮਨਿ ਬਹੁਤੁ ਬਿਗਾਸੁ॥1॥**
**ਜੰਮਿਆ ਪੂਤੁ ਭਗਤੁ ਗੋਵਿੰਦ ਕਾ॥**
**ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥**
**ਰਹਾਉ॥**
**ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥**
**ਮਿਟਿਆ ਸੋਗੁ ਮਹਾ ਅਨੰਦੁ ਥੀਆ॥**
**ਗੁਰਬਾਣੀ ਸਖੀ ਅਨੰਦੁ ਗਾਵੈ ॥**
**ਸਾਚੇ ਸਾਹਿਬ ਕੈ ਮਨਿ ਭਾਵੈ॥2॥**
**ਵਧੀ ਵੇਲਿ ਬਹੁ ਪੀੜੀ ਚਾਲੀ॥**
**ਧਰਮ ਕਲਾ ਹਰਿ ਬੰਧਿ ਬਹਾਲੀ॥**
**ਮਨ ਚਿੰਦਿਆ ਸਤਿਗੁਰੂ ਦਿਵਾਇਆ॥**
**ਭਏ ਅਚਿੰਤ ਏਕ ਲਿਵ ਲਾਇਆ॥3॥**
**ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥**
**ਗੁਝੀ ਛੰਨੀ ਨਾਹੀ ਬਾਤ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥4॥(ਅੰਕ 396)।**



ਇਸ ਪੂਰੇ ਸ਼ਬਦ ਨੂੰ ਵਿਚਾਰਨਾਂ ਬਹੁਤ ਜਰੂਰੀ ਹੈ ਤਾਂ ਕਿ ਸਾਖੀ ਦੀ ਸਹੀ ਪੜਚੋਲ ਹੋ ਸਕੇ। ਸ਼ਬਦ ਵਿਚਾਰਨ ਤੋਂ ਪਹਿਲਾਂ ਕੁਝ ਪ੍ਰਮਾਣ ਸਮਝੀਏ ਕਿ ਗੁਰਬਾਣੀ ਤੋਂ ਅਸੀਂ ਪ੍ਰਾਪਤੀ ਕੀ ਕਰਨੀ ਹੈ।

ਮ 1: **ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ॥**
**ਗੁਰ ਕੈ ਸਬਦਿ ਮਨ ਕਉ ਸਮਝਾਵਹਿ॥**
**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ॥**
**ਇਉ ਆਤਮ ਰਾਮੈ ਲੀਨਾ ਹੇ॥14॥**
(ਅੰਕ 1028)।

ਭਾਵ ਅਰਥ: ਐ ਮੇਰੇ ਮਨ ਗੁਰੁ ਵਲੋਂ ਬਖਸ਼ੀ ਮਤਿ ਨਾਲ ਆਪਣੇ ਮਨ ਨੂੰ ਸਮਝਾ ਕੇ ਆਪਣੇ ਅੰਤਿਰ ਆਤਮੇਂ ਵਿਚ ਬੈਠੇ ਪ੍ਰਭੂ ਨਾਲ ਇਕਮਿਕ ਹੋ ਜਾ।

"ਮ 5: **ਅਗਮ ਰੂਪ ਕਾ ਮਨ ਮਹਿ ਥਾਨਾ॥**"

ਮ 5: **ਜੋ ਗੁਰਿ ਦੀਆ ਸੁ ਮਨ ਕੈ ਕਾਮਿ॥** (ਅੰਕ 177)

ਭਾਵ ਕਿ ਗੁਰੂ ਦਾ ਉਪਦੇਸ਼ ਮਨ ਦੀ ਅਡੋਲਤਾ ਲਈ ਹੈ।ਕਿਉਂਕਿ ਮਨ ਸਰੀਰ ਦੇ ਸਾਰੇ ਇਦ੍ਰਿਆਂ ਦਾ ਰਾਜਾ ਹੈ, ਸੁਲਤਾਨ ਹੈ।

ਮ 5: **ਸਭ ਮਹਿ ਜਾਨਉ ਕਰਤਾ ਏਕ॥ ਸਾਧਸੰਗਤਿ ਮਿਲਿ ਬੁਧਿ ਬਿਬੇਕ॥** (ਅੰਕ 377)

**ਭਾਵ ਅਰਥ**: ਐ ਮੇਰੇ ਮਨਾਂ ਜੋ ਕਰਤਾ ਸਭ ਦੇ ਅੰਦਰ ਹੈ, ਗੁਰੂ ਸਾਧੂ ਦੀ ਸੰਗਤਿ ਕਰਕੇ ਬਿਬੇਕ ਬੁੱਧ ਪ੍ਰਾਪਤ ਕਰ।

"ਮ 3: ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨ੍ਹਿ॥" (ਅੰਕ 1416)

ਮ 1: **ਮਾਤਾ ਮਤਿ ਪਿਤਾ ਸੰਤੋਖੁ॥** (**ਅੰਕ** 151)।

ਸੋ ਉਤੱਮ-ਮੱਤ ਅਤੇ ਸੰਤੋਖ ਦੇ ਸੁਮੇਲ ਨਾਲ ਸੁੰਦਰ ਸਦਗੁਣੀ ਮਨ ਰੂਪੀ ਪੁੱਤਰ ਪੈਦਾ ਹੁੰਦਾ ਹੈ ।

**ਮਨ ਪੁੱਤਰ ਦਾ ਖੁਲਾਸਾ**:

ਮ 5: **ਮਾਈ ਖਾਟਿ ਆਇਓ ਘਰਿ ਪੂਤਾ॥ ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ॥1॥ਰਹਾਉ॥** (ਅੰਕ 495)

**ਅਰਥ**: ਮਨ ਆਪਣੀ ਮਾਤਾ ਮੱਤ ਨੂੰ ਆਖ ਰਿਹਾ ਹੈ ਕਿ ਮੈਂ ਹਰੀ-ਪ੍ਰਮੇਸ਼ਰ ਦੇ ਧੰਨ ਦੀ ਖੱਟੀ ਖੱਟ ਕੇ ਆਪਣੇ ਨਿਜ-ਘਰ ਵਿਚ ਪ੍ਰਵੇਸ਼ ਕਰ ਗਿਆ ਹਾਂ। ਹੁਣ ਮੈਂ ਤੁਰਦਿਆਂ ਬੈਠਿਆਂ ਜਾਗਦਿਆਂ ਸੁੱਤਿਆਂ ਹਰ ਵੇਲੇ ਹਰਿ-ਨਾਮ-ਧਨ ਅਨੁਸਾਰ ਵਿਚਰਦਾ ਹਾਂ।1।

**ਬਾਣੀ ਜਪੁ** (ਜਪਜੀ ਸਾਹਿਬ) ਵਿਚ ਅਸੀਂ ਦਇਆ ਅਤੇ ਸੰਤੋਖੀ ਮਨ ਪੁਤੱਰ ਬਾਰੇ ਰੋਜ਼ਾਨਾ ਪੜ੍ਹਦੇ ਹਾਂ।

ਮ 1: **ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ (ਅੰਕ 3)।**

ਪੂਤੁ ਪ੍ਰਥਾਏ ਨਾਨਕ ਪਾਤਿਸ਼ਾਹ ਇਉਂ ਵੀ ਸਮਝਾਉਂਣਾ ਕਰਦੇ ਹਨ:

**ਸਚੁ ਨਾਮੁ ਜਾ ਨਵ ਨਿਧਿ ਪਾਈ॥ ਰੋਵੈ ਪੂਤੁ ਨ ਕਲਪੈ ਮਾਈ॥2॥** (ਅੰਕ 356)।

**ਅਰਥ**: ਜਦੋਂ ਇਨਸਾਨ ਪ੍ਰਮੇਸ਼ਰ ਦਾ ਸਦਾ-ਥਿਰ ਨੌ-ਨਿਧਿ ਨਾਮ ਪ੍ਰਾਪਤ ਕਰ ਲੈਂਦਾ ਹੈ, ਫਿਰ ਨਾਂ ਤਾਂ ਉਸਦਾ ਮਨ ਰੋਂਦਾ ਹੈ ਤੇ ਨਾਂ ਹੀ ਉਸਦੀ ਮਾਤਾ ਮੱਤ ਕਲਪਦੀ ਹੈ।

(ਜੰਮਿਆ ਪੂਤੁ ਭਗਤੁ ਗੋਵਿੰਦ ਕਾ, ਸ਼ਬਦ ਦੀ ਵਿਆਖਿਆ ਅਗਲੇ ਅੰਕ ਵਿਚ ਭਾਗ-3 ਪੜੋ ਜੀ)।

## MOOL NANAK SHAHI DATES of GURPURABS

**Mool Nanak Shahi Year starts from 1-ਚੇਤ March 14th, 1999.**

**This Calendar always has January 1st fall on 19-Poh.**

**Guru Gobind Singh's Birthday (23 ਪੋਹ) will always be on January 5th**

- ਪਹਿਲੇ ਪੰਜ ਮਹੀਨੇ : 31 ਦਿਨਾਂ ਦੇ : 1-ਚੇਤ (14 ਮਾਰਚ), 1-ਵਿਸਾਖ (14 ਅਪਰੈਲ),
  - 1-ਜੇਠ (15 ਮਈ), 1-ਹਾੜ੍ਹ (15 ਜੂਨ), 1-ਸਾਵਣ (16 ਜੁਲਾਈ)
-
- ਅਗਲੇ ਸੱਤ ਮਹੀਨੇ : 30 ਦਿਨਾਂ ਦੇ : 1-ਭਾਦੋਂ (16 ਅਗੱਸਤ), 1- ਅੱਸੂ (15 ਸਤੰਬਰ), 1-ਕੱਤਕ (15 ਅਕਤੂਬਰ), 1-ਮੱਘਰ (14 ਨਵੰਬਰ), 1-ਪੋਹ (14 ਦਸੰਬਰ),
  - 1-ਮਾਘ (13 ਜਨਵਰੀ), 1-ਫੱਗਣ (12 ਫਰਵਰੀ)

- ਫੱਗਣ ਦੇ ਅਖੀਰ ਵਿਚ 4 ਸਾਲਾਂ ਬਾਅਦ ਇੱਕ ਦਿਨ ਜੋੜਨ ਨਾਲ "ਲੀਪ ਵਰ੍ਹੇ" ਦੇ
  - (Common or Gregorian Era ਵਾਂਗ) 366 ਦਿਨ ਹੋਣਗੇ।

| Gurpurabs, Festivals and other Events | Nanakshahi | Gregorian |
|---|---|---|
| Guru Har Rai, The 7th Guru's ***Gur-Gaddi*** Divas<br>Nanakshahi New Year Day | 1 Chet | 14 Mar |
| Guru Hargobind The 6th Guru's Jyoti-Jot Divas | 6 Chet | 19 Mar |
| Birthday of Guru Nanak, The 1st Guru, and<br>The Khalsa Sajna Divas (ਵਿਸਾਖੀ) | 1 Vaisakh | 14 Apr |
| Guru Angad , The 2nd Guru's Jyoti-Jot Divas, | 3 Vaisakh | 16 Apr |

| Gurpurabs, Festivals and other Events | Nanakshahi | Gregorian |
|---|---|---|
| Guru Amar Das, The 3rd Guru's Gur-Gaddi Divas, Guru Harkrishan , The 8th Guru's Jyoti-Jot Divas Guru Tegh Bahadur , The 9th Guru's Gur-Gaddi Divas | | |
| Birth Day of Guru Angad, The 2nd Guru Birth Day of Guru Tegh Bahadur. The 9th Guru | 5 Vaisakh | 18 Apr |
| Birthday of Guru Arjan, The 5th Guru | 19 Vaisakh | 2 May |
| Birthday of Guru Amar Das, The 3rd Guru | 9 Jeth | 23 May |
| Guru Hargobind, The 6th Guru's Gur-Gaddi Divas | 28 Jeth | 11 June |
| Guru Arjan, The 5th Guru's Martyrdom Day | 2 Harh | 16 June |
| Foundation Day of Sri Akaal Takht Sahib | 18 Harh | 2 July |
| Birthday of Guru Hargobind, The 6th Guru | 21 Harh | 5 July |
| Miri-Piri is Established by Guru Hargobind | 6 Sawan | 21 July |
| Birthday of Guru Harkrishan, The 8th Guru | 8 Sawan | 23 July |
| Writing of Sri Guru Granth Sahib, The Holy Sikh Scripture, is completed | 15 Bhadon | 30 Aug |

| Gurpurabs, Festivals and other Events | Nanakshahi | Gregorian |
|---|---|---|
| Sri Guru Granth Sahib is installed at Darbar Sahib (Golden Temple), Amritsar, for the first time | 17 Bhadon | 1 Sept |
| Guru Amar Das Jyoti Jot, Guru Ram Das Gur-Gaddi Guru Ram Das Jyoti-Jot, Guru Arjan Gur-Gaddi Divas | 2 Assu | 16 Sep |
| Guru Angad, The 2nd Guru's Gur-Gaddi Divas | 4 Assu | 18 Sep |
| Guru Nanak, The 1st Guru's Jyoti-Jot Divas | 8 Assu | 22 Sep |
| Birthday of Guru Ram Das, The 4th Guru | 25 Assu | 9 Oct |
| Guru Har Rai Jyoti-Jot Divas<br>Guru Harkrishan Gur-Gaddi Divas<br>Sri Guru Granth Sahib is declared "The Next Eternal Guru" by Guru Gobind Singh, The 10th Guru | 6 Katak | 20 Oct |
| Guru Gobind Singh Jyoti-Jot Divas | 7 Katak | 21 Oct |
| Guru Gobind Singh Gur-Gaddi Divas | 11 Maghar | 24 Nov |
| Guru Tegh Bahadur Martyrdom Divas | 11 Maghar | 24 Nov |
| | | |

| Gurpurabs, Festivals and other Events | Nanakshahi | Gregorian |
|---|---|---|
| Sahibzadas Ajit Singh and Jujhar Singh, Martyred in the Battle of Chamkaur | 8 Poh | 21 Dec |
| Sahibzadas Zorawar Singh and Fateh Singh Bricked Alive in Sirhind | 13 Poh | 26 Dec |
| Birthday of Guru Gobind Singh, the 10th Guru | 23 Poh | 5 Jan |
| Maghi (Shahhdi of 40 Mukteys) | 1 Magh | 13 Jan |

# ਗੁਰਪੁਰਬ ਕਿਵੇਂ ਮਨਾਈਏ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ (ਭਾਰਤ)

ਨਕਲੀ ਗੁਰੂਆਂ ਤੇ ਸਾਧਾਂ ਦੀ ਥਾਂ ਜੇਕਰ, ਸੱਚੇ ਗੁਰੂ ਤੇ ਸਾਨੂੰ ਵਿਸ਼ਵਾਸ਼ ਹੋ ਜਾਏ।
ਇਹ ਗੁਰਪੁਰਬ ਮਨਾਏ ਨੇ ਤਾਂ ਸਫਲੇ, ਜੇਕਰ ਹਿਰਦਿਆਂ ਵਿੱਚ ਪ੍ਰਕਾਸ਼ ਹੋ ਜਾਏ।

ਜੇਕਰ ਅਸੀਂ ਇਸ ਸ਼ਬਦ ਦੇ ਅਰਥਾਂ ਵੱਲ ਜਾਈਏ ਜਾਂ ਫਿਰ ਗੁਰਬਾਣੀ ਅਨੁਸਾਰ ਅਸੀਂ ਇਹ ਕਹੀਏ ਕਿ ਗੁਰਬਾਣੀ ਵਿੱਚ ਗੁਰਪੁਰਬ ਮਨਾਉਣ ਦਾ ਕੋਈ ਪਰਮਾਣ, ਅਦੇਸ਼ ਜਾਂ ਸੰਕਲਪ ਨਹੀਂ ਹੈ। ਸਾਨੂੰ ਗੁਰਪੁਰਬ ਮਨਾਉਣੇ ਅਤੇ ਨਗਰ ਕੀਰਤਨ ਕੱਢਣੇ ਬੰਦ ਕਰ ਦੇਣੇ ਚਾਹੀਦੇ ਹਨ। ਪਰ ਇਹ ਬਿਲਕੁਲ ਵੀ ਸੰਭਵ ਨਹੀਂ ਹੈ ਕਿਉਂਕਿ ਇਹ ਸਾਡੀਆਂ ਪਰੰਪਰਾਵਾਂ ਸਿੱਖ ਧਰਮ ਵਿੱਚ ਇੰਨੇ ਜ਼ੋਰਦਾਰ ਤਰੀਕੇ ਨਾਲ ਘਰ ਕਰ ਚੁੱਕੀਆਂ ਹਨ ਕ ਇਹਨਾਂ ਨੂੰ ਕੱਢਣਾ ਮੁਸ਼ਕਿਲ ਹੀ ਨਹੀਂ ਨਾਮੁਮਕਿਨ ਹੋ ਚੁੱਕਾ ਹੈ। ਇਹ ਜਰੂਰ ਹੋ ਸਕਦਾ ਹੈ ਕਿ ਇਹਨਾਂ ਵਿੱਚ ਆ ਚੁੱਕੀਆਂ ਖਾਮੀਆਂ ਨੂੰ ਦੂਰ ਕਰਕੇ ਇਹਨਾਂ ਵਿੱਚ ਸੁਧਾਰ ਕੀਤਾ ਜਾਵੇ ਅਤੇ ਗੁਰਮਤ ਅਨੁਸਾਰ ਇਹਨਾਂ ਨੂੰ ਸਾਰਥਕ ਬਣਾਇਆ ਜਾਏ।

ਨਗਰ ਕੀਰਤਨ ਅਤੇ ਪ੍ਰਭਾਤ ਫੇਰੀਆਂ ਦਾ ਮਕਸਦ ਇਹ ਸੀ ਕਿ ਆਉਣ ਵਾਲੇ ਗੁਰਪੁਰਬ ਸਬੰਧੀ ਆਲੇ ਦੁਆਲੇ ਦੀਆਂ ਸੰਗਤਾਂ ਨੂੰ ਜਾਗਰੂਕ ਅਤੇ ਸੁਚੇਤ ਕੀਤਾ ਜਾਵੇ ਕਿ ਉਹ ਮਿਥੇ ਪ੍ਰੋਗਰਾਮ ਅਨੁਸਾਰ ਮਿਥੀ ਤਰੀਕ ਨੂੰ ਗੁਰਦੁਆਰਾ ਸਾਹਿਬ ਪਹੁੰਚ ਕੇ ਲਾਹਾ ਪ੍ਰਾਪਤ ਕਰਨ। ਪਰ ਹੁਣ ਅਸੀਂ ਉਸ ਮਕਸਦ ਨੂੰ ਖਤਮ ਕਰਕੇ ਨਗਰ ਕੀਰਤਨਾਂ ਦਾ ਸਰੂਪ ਹੀ ਬਦਲ ਦਿੱਤਾ ਹੈ ਜਾਂ ਇੰਜ ਕਹਿ ਲਓ ਕਿ ਵਿਗਾੜ ਹੀ ਦਿੱਤਾ ਹੈ।



ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਉਣ ਦਾ ਮਕਸਦ ਇਹ ਹੈ ਕਿ ਉਹਨਾਂ ਵੱਲੋਂ ਦਿੱਤੀਆਂ ਗਈਆਂ ਸਿੱਖਿਆਵਾਂ, ਉਹਨਾਂ ਵੱਲੋਂ ਜੀਵਨ ਵਿੱਚ ਕੀਤੇ ਗਏ ਵਿਸ਼ੇਸ਼ ਮਹਾਨ ਕਾਰਜਾਂ ਬਾਰੇ ਅਤੇ ਕੁਰਬਾਨੀਆਂ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਜਾਵੇ। ਸੋ ਹੁਣ ਵੀ ਇਹਨਾਂ ਵਿੱਚ ਲੋੜੀਂਦੀਆਂ ਸਾਰਥਕ ਤਬਦੀਲੀਆਂ ਕਰਕੇ ਗੁਰਮਤ ਅਤੇ ਗੁਰਸਿੱਖੀ ਦੇ ਪ੍ਰਚਾਰ ਦਾ ਵਧੀਆ ਸਾਧਨ ਬਣਾਇਆ ਜਾ ਸਕਦਾ ਹੈ। ਜਿਸ ਗੁਰੂ ਦਾ ਪੁਰਬ ਹੈ, ਉਸ ਦਾ ਇਤਿਹਾਸ ਵੱਖ ਵੱਖ ਤਰੀਕਿਆਂ ਨਾਲ ਨਵੀਂ ਤਕਨੀਕ ਅਨੁਸਾਰ ਸੰਗਤਾਂ ਨਾਲ ਸਾਂਝਾ ਕੀਤਾ ਜਾਵੇ, ਜਿਵੇਂ ਸਲਾਈਡ ਸ਼ੋ, ਬੈਨਰਜ, ਚਿੱਤਰ, ਲੇਜ਼ਰ ਸ਼ੋ ਆਦਿ।

ਬੱਚਿਆਂ ਵਿੱਚ ਗੁਰ ਇਤਿਹਾਸ ਸਬੰਧੀ ਉਤਸ਼ਾਹ ਪੈਦਾ ਕੀਤਾ ਜਾਵੇ, ਤਾਂ ਕਿ ਉਹ ਗੁਰਸਿੱਖੀ ਨਾਲ ਜੁੜ ਸਕਣ। ਪ੍ਰਦੂਸ਼ਣ ਫੈਲਾਉਣ ਵਾਲੇ ਕਾਰਜ ਬੰਦ ਕੀਤੇ ਜਾਣ ਜਿਸ ਤਰ੍ਹਾਂ ਆਤਿਸ਼ਬਾਜੀ, ਨਗਰ ਕੀਰਤਨ ਵਿੱਚ ਲੰਗਰ ਛਕਾਉਣ ਨਾਲ ਜੋ ਸੜਕਾਂ ਤੇ ਗੰਦ ਪਾਇਆ ਜਾਂਦਾ ਹੈ, ਉਹ ਬੰਦ ਕੀਤਾ ਜਾਵੇ, ਵੱਧ ਤੋਂ ਵੱਧ ਸ਼ਬਦ ਦਾ ਲੰਗਰ ਵਰਤਾਇਆ ਜਾਵੇ।

ਬੱਚਿਆਂ ਦੀ ਪੜ੍ਹਾਈ ਦੇ ਸਿਲੇਬਸ ਵਿੱਚ ਸਿੱਖ ਇਤਿਹਾਸ, ਗੁਰ ਇਤਿਹਾਸ ਅਤੇ ਗੁਰਬਾਣੀ ਸ਼ਾਮਿਲ ਹੋਣੀ ਚਾਹੀਦੀ ਹੈ।ਇਸ ਲਈ ਸਬੰਧਤ ਮਹਿਕਮੇ / ਸਰਕਾਰ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਮਤੇ ਪਾਸ ਕਰਕੇ ਮੈਮੋਰੈਂਡਮ ਦੇਣੇ ਚਾਹੀਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਜਿਨਾਂ ਦੇ ਪ੍ਰਬੰਧ ਹੇਠ ਵਿਦਿਅਕ ਅਦਾਰੇ ਕਾਰਜਸ਼ੀਲ ਹਨ ਉਹਨਾਂ ਵਿੱਚ ਤਾਂ ਇਹ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਜਿਆਦਾ ਲਾਈਟਿੰਗ ਤੋਂ ਪਰਹੇਜ਼ ਕੀਤਾ ਜਾਵੇ ਕਿਉਂਕਿ ਬਿੱਲ ਤਾਂ ਗੁਰੂ ਦੀ ਗੋਲਕ ਵਿੱਚੋਂ ਹੀ ਜਾਣਾ ਹੈ, ਜੋ ਸੰਗਤਾਂ ਦੀਆਂ ਜੇਬਾਂ ਵਿੱਚੋਂ ਆਉਂਦਾ ਹੈ । ਉਸ ਪੈਸੇ ਨੂੰ ਕਿਸੇ ਹੋਰ ਸਾਰਥਕ ਕੰਮ ਲਈ ਵਰਤਿਆ ਜਾ ਸਕਦਾ ਹੈ। ਗੁਰੂ ਦੀ ਗੋਲਕ ਦੀ ਵਰਤੋਂ ਵੱਧ ਤੋਂ ਵੱਧ ਯੋਗ ਜਗ੍ਹਾ ਤੇ ਕੀਤੀ ਜਾਵੇ, ਗਰੀਬ ਅਤੇ ਲੋੜਵੰਦ ਗੁਰਸਿੱਖ ਬੱਚਿਆਂ ਦੀ ਪੜ੍ਹਾਈ ਅਤੇ ਗੁਰਸਿੱਖ ਪਰਿਵਾਰਾਂ, ਸੇਵਾਦਾਰਾਂ, ਗ੍ਰੰਥੀਆਂ ਆਦਿ ਦਾ ਜੀਵਨ ਉੱਚਾ ਚੁੱਕਣ ਵਿੱਚ ਖਰਚ ਕੀਤੀ ਜਾਵੇ। ਹਰ ਗੁਰਦੁਆਰੇ ਦੇ ਬਜਟ ਵਿੱਚ ਅਜਿਹਾ ਪ੍ਰਾਵਧਾਨ ਕੀਤਾ ਜਾਵੇ। ਅਜਿਹੇ ਕੰਮਾਂ ਲਈ ਵਿਸ਼ੇਸ਼ ਤੌਰ ਤੇ ਬਜਟ ਰਾਖਵਾਂ ਰੱਖਿਆ ਜਾਵੇ। ਇਸ ਕਾਰਜ ਲਈ ਇੱਕ ਸਿੱਖ ਵੈਲਫੇਅਰ ਫੰਡ ਵੀ ਸ਼ੁਰੂ ਕੀਤਾ ਜਾ ਸਕਦਾ ਹੈ।

ਹਰ ਗੁਰਪੁਰਬ ਤੇ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀਆਂ ਨੂੰ ਬੁਲਾ ਕੇ ਵੱਧ ਖਰਚਾ ਕਰਨ ਦੀ ਥਾਂ ਲੋਕਲ ਅਤੇ ਨਵੇਂ ਰਾਗੀ ਜਥਿਆਂ ਨੂੰ ਤਰਜੀਹ ਦਿੱਤੀ ਜਾਵੇ ਤਾਂ ਕਿ ਉਹਨਾਂ ਦਾ ਵੀ ਜੀਵਨ ਨਿਰਬਾਹ ਅੱਛੇ ਤਰੀਕੇ ਨਾਲ ਹੋ ਸਕੇ। ਰੱਜਿਆਂ ਨੂੰ ਰਜਾਉਣ ਦਾ ਕੋਈ ਫਾਇਦਾ ਨਹੀਂ।

ਗੁਰਬਾਣੀ ਕੀਰਤਨ ਦੇ ਨਾਲ ਨਾਲ ਬਾਕੀ ਪਰੰਪਰਾਵਾਂ ਨੂੰ ਵੀ ਬਰਾਬਰ ਦੀ ਜਗ੍ਹਾ ਦਿੱਤੀ ਜਾਵੇ, ਜਿਵੇਂ ਢਾਡੀ ਪ੍ਰਸੰਗ ਅਤੇ ਕਵੀ ਦਰਬਾਰ, ਜੋ ਕਿ ਗੁਰੂ ਸਾਹਿਬਾਨ ਦੀਆਂ ਚਲਾਈਆਂ ਹੋਈਆਂ ਪਰੰਪਰਾਵਾਂ ਸਨ। ਇਨਾਂ ਰਾਹੀਂ ਗੁਰ ਇਤਿਹਾਸ ਸੰਗਤਾਂ ਤੱਕ ਪਹੁੰਚਦਾ ਸੀ। ਪਰ ਹੁਣ ਇਹ ਅਲੋਪ ਹੋ ਰਹੀਆਂ ਹਨ। ਜਿਹੜੀਆਂ ਕੌਮਾਂ ਇਤਿਹਾਸ ਤੋਂ ਟੁੱਟ ਜਾਂਦੀਆਂ ਹਨ, ਉਹ ਦੁਨੀਆਂ ਦੇ ਨਕਸ਼ੇ ਤੋਂ ਨੇਸਤੋ ਨਾਬੂਦ ਹੋ ਜਾਂਦੀਆਂ ਹਨ।

ਗੁਰੂ ਸਾਹਿਬਾਨ ਨੇ ਸਾਨੂੰ ਸੰਤ ਅਤੇ ਸਿਪਾਹੀ ਦਾ ਕਨਸੈਪਟ ਦਿੱਤਾ ਹੈ। ਹਰ ਗੁਰਸਿੱਖ ਸੰਤ ਵੀ ਹੋਵੇ ਅਤੇ ਸਿਪਾਹੀ ਵੀ।

## ਖਵਿਤਾ – ਬੈਂਤ ਛੰਦ
## ਠੰਢਾ ਬੁਰਜ ਤੇ ਪੋਹ ਦੀ ਰਾਤ ਠੰਢੀ

ਸਰਦਾਰਨੀ ਅਮਰਜੀਤ ਕੌਰ, ਮੋਰਿੰਡਾ, ਪੰਜਾਬ (ਭਾਰਤ)




ਠੰਢਾ ਬੁਰਜ ਤੇ ਪੋਹ ਦੀ ਰਾਤ ਠੰਢੀ,
ਠੰਢੀ ‘ਵਾ ਜਾਂਦੀ ਤਨ ਠਾਰਦੀ ਸੀ।

ਮਾਂ ਗੁਜਰੀ ਲੈ ਗੋਦ ਵਿੱਚ ਪੋਤਿਆਂ ਨੂੰ,
ਮੱਥਾ ਚੁੰਮਦੀ ਨਾਲੇ ਦੁਲਾਰਦੀ ਸੀ।

ਗੰਗੂ ਪੈ ਗਿਆ ਲੋਭ ਦੇ ਵੱਸ ਚੰਦਰਾ,
ਦੂਜੀ ਸੋਚ ਵਿੱਛੜੇ ਪਰਿਵਾਰ ਦੀ ਸੀ।

ਬੇਕਸੂਰ, ਮਾਸੂਮ ਫੜ ਕੈਦ ਕੀਤੇ,
ਛਿੜੀ ਜੰਗ ਹੱਕ ਤੇ ਹੰਕਾਰ ਦੀ ਸੀ।

ਹੱਥ ਸਿਰਾਂ ਤੇ ਰੱਖ ਅਸੀਸ ਦਿੰਦੀ,
ਮੂਰਤ ਉਹ ਸੱਚ, ਸਿਦਕ, ਪਿਆਰ ਦੀ ਸੀ।

ਸਿਦਕ ਕਾਇਮ ਰੱਖਿਓ,ਰਤਾ ਡੋਲਿਓ ਨਾ,
ਲਾ ਕੇ ਛਾਤੀ ਦੇ ਨਾਲ ਪੁਚਕਾਰਦੀ ਸੀ।

ਕੇਸ ਗੁੰਦ ਦਸਤਾਰਾਂ ਸਜਾ ਦਿੱਤੀਆਂ,
ਲਾ ਕੇ ਕਲਗ਼ੀਆਂ ਪੋਤੇ ਸ਼ਿੰਗਾਰਦੀ ਸੀ।

ਦੇ ਕੇ ਹੌਂਸਲਾ ਵੱਲ ਕਚਹਿਰੀ ਤੋਰੇ,
ਜਾਂਦੇ ਬਾਲਾਂ ਨੂੰ ਪਿੱਛੋਂ ਨਿਹਾਰਦੀ ਸੀ।

ਅੱਜ ਆਪ ਹੱਥੀਂ ਜ਼ਾਲਮ ਵੱਲ ਤੋਰੇ,
ਵਿਛੋੜਾ ਜਿਨ੍ਹਾਂ ਦਾ ਪਲ ਨਾ ਸਹਾਰਦੀ ਸੀ।

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਅੰਮ੍ਰਿਤਪਾਲ ਕੌਰ ਨੇ ਐਮ.ਏ (ਅੰਗਰੇਜ਼ੀ), ਐਮ.ਏ (ਧਾਰਮਿਕ ਅਧਿਐਨ) ਅਤੇ ਐਮ.ਐੱਡ. ਕਰ ਕੇ ਲੈਕਚਰਾਰ ਵਜੋਂ ਕੰਮ ਕੀਤਾ। ਆਲ-ਇੰਡੀਆ ਰੇਡੀਓ, ਜਲੰਧਰ ਦੇ ਪੰਜਾਬੀ ਪ੍ਰੋਗਰਾਮ "ਗੁਰਬਾਣੀ ਵਿਚਾਰ" ਪੇਸ਼ ਕੀਤਾ। 2014 ਵਿੱਚ, ਸਿੱਖ ਫਿਲਾਸਫੀ 'ਤੇ ਪਹਿਲੀ ਕਿਤਾਬ ਲਿਖੀ, ਇਸ ਤੋਂ ਬਾਅਦ ਸਿੱਖ ਧਰਮ ਅਤੇ ਸਿੱਖ ਅਧਿਆਤਮਿਕਤਾ 'ਤੇ ਕਈ ਹੋਰ ਕਿਤਾਬਾਂ ਲਿਖੀਆਂ।

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। (gurdish.grewal@gmail.com)

ਡਾ. ਸਰਦਾਰ ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। ( singhkabal285@gmail.com)

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca.)

ਸਰਦਾਰ ਕਰਮਜੀਤ ਸਿੰਘ ਨੂਰ ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੁ ਗੋਬਿੰਦ ਸਿੰਘ  ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ  ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ  ਵਲੋਂ  ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (ksnoor50@gmail.com. )

ਡਾ. ਸਰਦਾਰ ਡੀ. ਪੀ. ਸਿੰਘ, ਭੌਤਿਕ ਵਿਗਿਆਨੀ, ਅਧਿਆਪਕ, ਅਤੇ ਪ੍ਰਸਿੱਧ ਲੇਖਕ ਹਨ, ਜਿਨ੍ਹਾਂ ਨੇ ਵਾਤਾਵਰਣ, ਸਮਾਜਿਕ ਸਮੱਸਿਆਵਾਂ ਅਤੇ ਸਿੱਖ ਅਧਿਆਤਮਿਕਤਾ ਉੱਤੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਬਹੁਤ ਕੁਝ ਲਿਖਿਆ ਹੈ। ਉਨ੍ਹਾਂ ਨੇ 24 ਕਿਤਾਬਾਂ, ਸੈਂਕੜੇ ਲੇਖ ਤੇ ਕਹਾਣੀਆਂ, 26 ਕਿਤਾਬਾਂ ਦੇ ਅਧਿਆਏ, ਅਤੇ 25 ਕਿਤਾਬਾਂ ਦੀਆਂ ਸਮੀਖਿਆਵਾਂ ਪ੍ਰਕਾਸ਼ਿਤ ਕੀਤੀਆਂ ਹਨ। ਉਹ ਮਿਸੀਸਾਗਾ (ਓਨਟਾਰੀਓ) ਵਿਖੇ ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ ਦੇ ਆਨਰੇਰੀ ਡਾਇਰੈਕਟਰ ਹਨ।

ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ, ਪੀਐਚ. ਡੀ. (ਰਾਜਨੀਤੀ ਵਿਗਿਆਨ), ਖੋਜ ਕਾਰਜ: ਭਾਰਤ ਵਿੱਚ ਖੇਤਰੀ ਰਾਜਨੀਤੀ, ਵਿਸ਼ੇਸ਼ ਸੰਦਰਭ:- ਪੰਜਾਬ, ਕਾਵਿ-ਪੁਸਤਕ: "ਜੀਵਨ ਦੇ ਰੰਗ", ਸਰਕਾਰੀ ਅਧਿਆਪਕ, ਲੇਖਣ ਵਿਧਾ: ਕਵਿਤਾ ਅਤੇ ਵਾਰਤਕ ਕਿਤਾਬਾਂ ਮੈਗਜੀਨਾਂ ਅਤੇ ਪਤ੍ਰਿਕਾਵਾਂ ਵਿੱਚ ਛਪਦੀਆਂ ਰਚਨਾਵਾਂ। ਮੁੱਖ ਦਿਲਚਸਪੀ: ਮਨੁੱਖ ਦੇ ਕੁਦਰਤ ਨਾਲ ਰਿਸ਼ਤਾ ਅਤੇ ਜੀਵਨ ਨੂੰ ਸਮਝਣ ਵਾਲੀ ਖੁੱਲੀ ਕਵਿਤਾ। kanwarnoon43@gmail.com

ਸਰਦਾਰ ਜਸਵਿੰਦਰ ਸਿੰਘ ਰੂਪਾਲ, ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਰਹੇ ਹਨ। ਗ਼ਜ਼ਲ, ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਦੀਆਂ 30 ਪੁਸਤਕਾਂ ਛਪੀਆਂ ਹਨ। ਦੇਸ਼ ਵਿਦ ਵਿੱਚ ਲਿਖਤਾਂ ਛਾਪਦੇ ਆ ਰਹੇ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। (rupaljs@gmail.com

ਸਰਦਾਰਨੀ ਅਮਰਜੀਤ ਕੌਰ ਮੋਰਿੰਡਾ, ਐੱਮ.ਏ.,ਬੀ.ਐੱਡ., ਰਿਟਾ.ਮਿਸਟਰੈੱਸ, ਪੁਸਤਕਾਂ : ਸਰਪੋਸ-ਕਾਵਿ ਸੰਗ੍ਰਹਿ, ਸੁੱਚੇ ਮੋਤੀ-ਕਾਵਿ ਸੰਗ੍ਰਹਿ, ਰੀਝਾਂ ਦੀ ਫੁਲਕਾਰੀ- ਗੀਤ ਅਤੇ ਕਵਿਤਾਵਾਂ, ਸੋਹਿਲੇ ਤੇ ਸਾਕੇ-ਛੰਦ ਅਤੇ ਗੀਤ, ਰਿਸ਼ਤਿਆਂ ਦਾ ਨਿੱਘ-ਨਾਵਲ, ਇੱਕ ਲੱਪ ਕਿਰਨਾਂ ਦੀ-ਗ਼ਜ਼ਲ ਸੰਗ੍ਰਹਿ, ਛੰਦ ਗੁਲਜ਼ਾਰ-ਨਿਰੋਲ ਛੰਦ-ਬੱਧ ਰਚਨਾਵਾਂ, ਮਹਿਕ ਕਸਤੂਰੀ।

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਬਾਰੇ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ **Times New Roman** (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ
5. ਲੈਂਸ ਨਾ ਹੋਵੇ ਜੀ।
6. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
7. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਬੜੀ ਸੰਖੇਪ ਜਾਣਕਾਰੀ ਦਿਓ ਜੀ।
8. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
9. ਲੰਬੇ ਲੇਖ ***sanjihivrasat.org*** ਦੇ 'ਬਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
10. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '***Copyright Infringement***' ਨਾ ਹੋਵੇ।
11. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## Important Information for Authors

1. **Magazine Policy** : To Promote Punjabi Culture, History and Heritage (By Secular, Non-Political, Non-Personal Articles/Poems, after Review)
2. **Editorial Board** : Will not be responsible for views of Authors / Poets.
3. **Font size 12/14** : Panjabi-'Anmol Lipi' (English -Times New Roman)
4. **Spacing, margin** : Line-to-line 1.0, Margins One Inch on all four sides.
5. **Format -WORD** : No PDF, Photocopy, Print-screen, Snip, Office-Lens
6. **Author's Data** : Name, City (Country), A Brief (own) Introduction, Give Phone, E-mail, or WhatsApp. (photo - optional)
7. **Maximum Length** : Two pages (Including Photo) of 800 Laptop words.
8. **Longer Articles** : On BLOG Website ***(sanjhivirasat.org)*** or serialized.
9. **Copy -Right (CR)** : Authors will ensure there is 'No CR' Infringement.
10. **References/Photos** : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## Editorial Board (*Sanjhi Virasat*)

| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

### ਸ਼ਲਾਹਕਾਰ

| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸਰਦਾਰ ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ. ਜਗਬੀਰ ਸਿੰਘ ਕੋਹਲੀ



ਸ. ਪਰਮਜੀਤ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ